SATJUG
1920 ਤੋਂ ਸਾਲ 98 ਵਾਂ

Price:Rs.5/-

ਸਤਜੁਗਿ ਸਚੁ ਕਹੈ ਸਭੁ ਕੋਈ॥

# ਸਤਜੁਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ

੧ ਤੋਂ ੧੫ ਅੱਸੂ ੨੦੭੫
17 Sep. To 1 Oct. 2018

ਜਿਲਦ 26
ਨੰਬਰ 22
Total Pages 44

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਆਰੰਭੇ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਬਖਸ਼ਿਸ਼ ਸਦਕਾ






## ਨਾਮ ਸਿਮਰਨ ਜਪ ਪ੍ਰਯੋਗ ਆਰੰਭ ਸ੍ਰੀ ਭੈਣੀ ਸਾਹਿਬ ੧ ਅੱਸੂ ੨੦੭੫ (17-9-2018)







# ਸਤਿਜੁਗ

੧ ਤੋਂ ੧੫ ਅੱਸੂ, ੨੦੭੫ ਬਿ੍.
17 ਸਤੰਬਰ ਤੋਂ 1 ਅਕਤੂਬਰ 2018 ਈ:
ਜਿਲਦ 26, ਵੀਰਵਾਰ ਨੰਬਰ 22

**ਸਤਿਜੁਗ**:ਨਾਮਧਾਰੀ ਗੁਰਦੁਆਰਾ,
ਰਮੇਸ਼ ਨਗਰ,ਨਵੀਂ ਦਿੱਲੀ-110015

Editorial Board:

*Harvinder Singh Hanspal*
*Suwarn Singh Virk*
*Gurbhej Singh Guraya*
*Nishan Singh*
*Harpal Singh Sewak*

***Printed and Published by Mr. Harvendra Singh Hanspal on behalf of Namdhari Darbar. Printed at Summit advertising press, 2DLF (Part), Moti Nagar, New Delhi and Published from Namdhari Gurdwara, Ramesh Nagar, New Delhi-110015.***

**Date of Publication: 20-09-2018,**
**Date of Posting: 21-22 Sep. 2018**
**Posted at PSO New Delhi-110001**

THE SATJUG
Namdhari Gurdwara
Ramesh Nagar, New Delhi-15
RNI No. 55658/93
Postal Regd. No. DL(W)01/2055/18-20
Licence No. U©-169/2015-17
to post without pre-payment at
New Delhi PSO

**Account Name: Vishav Namdhari Sangat**
**A/c: 13101450000043**
**Ifsc code: HDFC0001310**

ਇਕ ਸਾਲ : ਦੇਸ - 300 ਰੁ:, ਪ੍ਰਦੇਸ- 50$ ਡਾਲਰ
ਪੰਜ ਸਾਲ : ਦੇਸ - 1200 ਰੁ:, ਪ੍ਰਦੇਸ- 200$ ਡਾਲਰ

**Designed and Typeset**
**Vishav Namdhari sangat, Sri Bhaini sahib**
satjug@sribhainisahib.com

ਪੱਤਰ ਵਿਹਾਰ ਦਾ ਪਤਾ :
ਮੈਨੇਜਰ, ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ,ਪੰਜਾਬ-141126
ਫੋਨ : 98155-75099,
70713-63000

ਨਾਮਧਾਰੀ ਗੁਰਦੁਆਰਾ ਰਮੇਸ਼ ਨਗਰ,
ਨਵੀਂ ਦਿੱਲੀ-110015

# ਤਤਕਰਾ

* ਸੰਪਾਦਕੀ-- ਆਪਿ ਜਪੈ ਅਵਰਹ ਨਾਮੁ ਜਪਾਵੈ.....
ਸੇਵਕ ਹਰਪਾਲ ਸਿੰਘ............................................4

* ਹੁਕਮਨਾਮਾ : ਸ੍ਰੀ ਸਤਿਗੁਰੂ ਰਾਮ ਸਿੰਘ ਜੀ.............................7

* ਉਪਦੇਸ਼: ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ.............................7

* ਪ੍ਰਵਚਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ...................................8

* ਦੋ ਕਬੂਤਰ (ਈਸ਼ਰ ਤੇ ਜੀਵ)
ਸੰਤ ਨਿਧਾਨ ਸਿੰਘ 'ਆਲਿਮ'...............................10

* ਨਾਮ ਸਿਮਰਨ
ਮਹਿੰਦਰ ਸਿੰਘ ਕੂਕਾ.........................................14

* ਇਨਕਲਾਬੀ ਮਹਾਂ ਪੁਰਸ਼...ਬਾਬਾ ਸੋਹਨ ਸਿੰਘ ਭਕਨਾ)
ਕਵੀ ਪ੍ਰੀਤਮ ਸਿੰਘ ........................................19

*ਲੰਮੀ ਉਮਰ ਦੀ ਸਮੱਸਿਆ ਦੇ ਕੁਝ ਪੱਖ
ਵਿਕਤਰ ਕੋਚੇਰੇਜ਼ਕਿਨ........................................20

* Let Us Practice
Ajit Singh Namdhari..........................................24

* ਕਾਵਿ ਕਿਆਰੀ ..........................................................28

* ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ........ਸਿਆਮ ਦੌਰੇ
ਸੰਤ ਇਕਬਾਲ ਸਿੰਘ ਮਨਚੰਦਾ..................30

* ਅੜਬੰਗੀ (ਨਾਵਲ)
ਸੰਤ ਇੰਦਰ ਸਿੰਘ ਚੱਕ੍ਰਵਰਤੀ..............................32

* ਸੁੱਚੇ ਮੋਤੀ ..........................................................34

* ਬੱਚਿਆਂ ਦਾ ਪੰਨਾ.......................................................35

* ਖ਼ਬਰਨਾਮਾ..............................................................36

੧ੳ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
ਸਤਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ | ੧੯੭੭ ਬ੍ਰਿ. (1920 ਈ:) ਤੋਂ ਸਥਾਪਿਤ
ਕਲਿਜੁਗ ਮੇਂ ਸਤਿਜੁਗ ਵਰਤਾਊਂ । ਤਬੀ ਬਾਰ੍ਹਵਾਂ ਬਪੁ ਕਹਾਊਂ। ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ 203

# ਆਪਿ ਜਪੈ ਅਵਰਹ ਨਾਮੁ ਜਪਾਵੈ.......

ਸਿੱਖ ਧਰਮ ਦਾ ਆਧਾਰ ਹੈ: "ਨਾਮ ਜਪਣਾ, ਸੱਚੀ-ਸੁੱਚੀ ਕਿਰਤ ਕਰਨੀ ਅਤੇ ਵੰਡ ਕੇ ਛਕਣਾ।" ਸਿੱਖ ਧਰਮ ਦੇ ਆਦਿ ਗੁਰੂ-ਬਾਬਾ, ਸਤਿਗੁਰੂ ਨਾਨਕ ਦੇਵ ਜੀ ਅਤੇ ਆਪਦੇ ਜਾਂ-ਨਸ਼ੀਨ ਸਤਿਗੁਰੂ ਸਾਹਿਬਾਨ ਨੇ ਜੋ ਵੀ ਉਪਦੇਸ ਦਿੱਤੇ, ਪਹਿਲੋਂ ਆਪ ਉਨ੍ਹਾਂ ਤੇ ਚੱਲ ਕੇ ਪੈੜਾਂ ਪਾਈਆਂ, ਗਾਡੀ ਰਾਹ ਤੋਰੇ, ਸਿੱਖ ਸਤਿਗੁਰੂ ਸਾਹਿਬਾਨ ਬਣੇ-ਸੰਵਰੇ ਰਾਹਾਂ 'ਤੇ ਨਹੀਂ ਚੱਲੇ, ਸਗੋਂ ਆਪ ਦਾ ਚੱਲਣਾ ਹੀ ਨਵੇਂ ਰਸਤਿਆਂ ਨੂੰ ਜਨਮ ਦੇਂਦਾ ਹੈ। ਸਿੱਖ ਧਰਮ ਕੇਵਲ ਲਿਖਤੀ-ਸਿਧਾਂਤ ਨਹੀਂ, ਕੇਵਲ ਗ੍ਰੰਥਾਂ ਵਿੱਚ ਸੀਮਤ ਗਿਆਨ ਨਹੀਂ, ਸਗੋਂ ਜੀਵੰਤ-ਫ਼ਲਸਫ਼ਾ ਹੈ, ਅਮਲੀ ਜੀਵਨ ਹੈ। ਗੁਰਮਤਿ ਅਨੁਸਾਰ ਗਿਆਨ ਕੇਵਲ ਪੜ੍ਹ ਲੈਣ ਜਾਂ ਜਾਣ ਲੈਣ ਦਾ ਵਿਸ਼ਾ ਹੀ ਨਹੀਂ ਸਗੋਂ ਕਠਿਨ ਘਾਲਣਾ ਹੈ—

ਗਿਆਨੁ ਨ ਗਲੀਈ ਢੂਢੀਐ ਕਥਨਾ ਕਰੜਾ ਸਾਰੁ॥
ਕਰਮਿ ਮਿਲੈ ਤਾ ਪਾਈਐ ਹੋਰ ਹਿਕਮਤਿ ਹੁਕਮੁ ਖੁਆਰੁ॥

**'ਕਰਮਿ ਮਿਲੈ ਤਾ ਪਾਈਐ'**— ਸਤਿਗੁਰੂ ਦੀ ਕਿਰਪਾ ਦੁਆਰਾ ਹੀ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਗਿਆਨ ਤੋਂ ਬਿਨਾ ਸਹਸਾ, ਭਰਮ ਨਹੀਂ ਦੂਰ ਹੁੰਦਾ, ਦੁਬਿਧਾ ਨਹੀਂ ਮਿਟਦੀ। ਜੀਵ-ਆਤਮਾ ਅਤੇ ਪਰਮਾਤਮਾ ਦੇ ਮਿਲਨ ਵਿਚ ਦੁਬਿਧਾ ਦੀ ਦੀਵਾਰ ਹੀ ਅਗਿਆਨ ਦਾ ਅੰਧਕਾਰ ਹੈ। ਅਜਿਹਾ ਅੰਧਕਾਰ ਹੈ ਕਿ ਜਿੱਥੇ ਹੱਥ ਪਸਾਰਿਆ ਨਜ਼ਰ ਨਹੀਂ ਆਉਂਦਾ ਅਤੇ ਆਵਾਗਵਨ ਦਾ, ਜੰਮਨ-ਮਰਣ ਦਾ ਗੇੜਾ ਨਹੀਂ ਮੁੱਕਦਾ—

ਬਿਨੁ ਸਬਦੈ ਅੰਤਰਿ ਆਨੇਰਾ॥
ਨ ਵਸਤੁ ਲਹੈ ਨ ਚੂਕੈ ਫੇਰਾ॥
ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ
ਗੁਰੁ ਪੂਰੈ ਭਾਗਿ ਮਿਲਾਵਣਿਆ॥

ਸਤਿਗੁਰੂ ਤੋਂ ਬਿਨਾਂ ਸਬਦ(ਨਾਮੁ) ਨਹੀਂ ਪ੍ਰਾਪਤ ਹੁੰਦਾ। ਸ਼ਬਦ ਦੀ ਸਾਧਨਾ ਤੋਂ ਬਿਨਾ ਭਰਮ ਦਾ ਪੜਦਾ ਨਹੀਂ ਦੂਰ ਹੁੰਦਾ। ਸਾਹਿਬ ਗੁਰੂ ਅਮਰਦਾਸ ਜੀ ਅਨੰਦੁ ਸਾਹਿਬ ਵਿਚ ਸਪੱਸ਼ਟ ਕਰਦੇ ਹਨ—

ਕਰਮੀ ਸਹਜੁ ਨ ਊਪਜੈ ਵਿਣੁ ਸਹਜੈ ਸਹਸਾ ਨ ਜਾਇ॥
ਨਹ ਜਾਇ ਸਹਸਾ ਕਿਤੈ ਸੰਜਮਿ ਰਹੇ ਕਰਮ ਕਮਾਏ॥
ਸਹਸੈ ਜੀਉ ਮਲੀਣੁ ਹੈ ਕਿਤੁ ਸੰਜਮਿ ਧੋਤਾ ਜਾਏ॥

ਕੇਵਲ ਕਰਮ ਕਾਂਡ ਦੁਆਰਾ ਗਿਆਨ ਪ੍ਰਾਪਤ ਨਹੀਂ ਹੁੰਦਾ ਅਤੇ ਗਿਆਨ ਤੋਂ ਬਿਨਾ ਭਰਮ ਦਾ ਪੜਦਾ ਨਹੀਂ ਪਾਟਦਾ। ਬੜੇ ਸੰਜਮ ਦੁਆਰਾ ਕਰਮ ਕਰਕੇ ਦੁਬਿਧਾ (ਭਰਮ) ਨਹੀਂ ਮਿਟਦੀ, ਭਰਮ ਹੀ ਮਲੀਨਤਾ ਹੈ, ਪਰ ਇਹ ਮਿਟੇ ਕਿਵੇਂ?- ਗੁਰੂ ਸਾਹਿਬ ਅੱਗੇ ਜੁਆਬ ਲਿਖਦੇ ਹਨ- 'ਮੰਨੁ ਧੋਵਹੁ ਸਬਦਿ ਲਾਗਹੁ ਹਰਿ ਸਿਉ ਰਹਹੁ ਚਿਤੁ ਲਾਇ॥' ਸ਼ਬਦ (ਨਾਮ) ਦੀ ਪ੍ਰਾਪਤੀ

ਵੀ ਸਤਿਗੁਰੂ ਤੋਂ ਹੀ ਹੁੰਦੀ ਹੈ ਅਤੇ ਸਾਧਨਾ ਸਫ਼ਲ ਵੀ ਗੁਰੂ ਕਿਰਪਾ ਦੁਆਰਾ ਹੀ ਹੁੰਦੀ ਹੈ-

ਕਹੈ ਨਾਨਕ ਗੁਰ ਪਰਸਾਦੀ ਸਹਜੁ ਉਪਜੈ
ਇਹ ਸਹਸਾ ਇਵ ਜਾਇ॥

ਉਸ ਪੂਰੇ ਸਤਿਗੁਰੂ ਤੋਂ 'ਨਾਮ-ਰਤਨ' ਪ੍ਰਾਪਤ ਹੁੰਦਾ ਹੈ ਜਿਸਦੇ ਹਿਰਦੇ ਵਿਚ ਨਾਮ ਹੈ-**ਸੋ ਸਤਿਗੁਰੁ ਜਿਸੁ ਰਿਦੈ ਹਰਿ ਨਾਉ॥** - ਸਤਿਗੁਰੂ ਦੀ ਦੇਹ ਹੀ ਸ਼ਬਦ ਦੀ, ਅੰਮ੍ਰਿਤ ਨਾਮ ਦੀ ਹੁੰਦੀ ਹੈ—'**ਗੁਰ ਅੰਮ੍ਰਿਤ ਭਿੰਨੀ ਦੇਹੁਰੀ ਅੰਮ੍ਰਿਤੁ ਬੁਰਕੇ ਰਾਮ ਰਾਜੇ॥**'

ਆਦਿ ਗੁਰੂ, ਸਤਿਗੁਰੂ ਨਾਨਕ ਦੇਵ ਜੀ ਨੇ ਸਭ ਤੋਂ ਪਹਿਲੋਂ ਤਪ ਕੀਤਾ, ਆਪ ਕਠਿਨ ਸਾਧਨਾ ਕੀਤੀ। ਭਾਈ ਗੁਰਦਾਸ ਜੀ ਲਿਖਦੇ ਹਨ—

ਪਹਿਲਾ ਬਾਬੇ ਪਾਇਆ ਬਖਸੁ ਦਰਿ ਪਿਛੋ ਦੇ ਫਿਰਿ ਘਾਲਿ ਕਮਾਈ॥
ਰੇਤੁ ਅਕੁ ਆਹਾਰੁ ਕਰਿ ਰੋੜਾ ਦੀ ਗੁਰ ਕਰੀ ਵਿਛਾਈ॥
ਭਾਰੀ ਕਰੀ ਤਪਸਿਆ ਵਡੇ ਭਾਗੁ ਹਰਿ ਸਿਉ ਬਣਿ ਆਈ॥
ਬਾਬਾ ਪੈਧਾ ਸੱਚਖੰਡਿ ਨਉ ਨਿਧਿ ਨਾਮੁ ਗਰੀਬੀ ਪਾਈ॥
ਬਾਬਾ ਦੇਖੈ ਧਿਆਨ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ॥
ਬਾਝਹੁ ਗੁਰੂ ਗੁਬਾਰ ਹੈ, ਹੈ ਹੈ ਕਰਦੀ ਸੁਣੀ ਲੁਕਾਈ॥
ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ॥
ਚੜ੍ਹਿਆ ਸੋਧਣ ਧਰਤਿ ਲੁਕਾਈ॥

ਗੁਰੂ ਨਾਨਕ ਦੇਵ ਜੀ ਤਪ ਕਰਕੇ ਹਰੀ ਨਾਲ ਅਭੇਦ ਹੋ ਗਏ ਤਾਂ ਆਪ ਸੱਚਖੰਡ 'ਚੋਂ, ਅਕਾਲ ਪੁਰਖ ਪਾਸੋਂ ਸ੍ਰਿਸ਼ਟੀ ਦੇ ਕਲਿਆਣ ਵਾਸਤੇ ਨੌਂ-ਨਿਧਾਂ ਦਾ ਖਜ਼ਾਨਾ ਨਾਮ ਅਤੇ ਹਉਮੈ ਦਾ ਨਾਸ ਕਰਨ ਵਾਲੀ ਗਰੀਬੀ (ਨਿਮਰਤਾ) ਲੈ ਕੇ ਆਏ। ਫਿਰ ਲੋਕਾਈ ਨੂੰ ਸੋਧਣ ਲਈ ਆਪ ਨੇ ਚਾਰੇ ਦਿਸ਼ਾਵਾਂ ਵਿੱਚ ਚਾਰ ਉਦਾਸੀਆਂ (ਯਾਤਰਾਵਾਂ) ਕੀਤੀਆਂ। ਵਹਿਮਾਂ-ਭਰਮਾਂ ਅਤੇ ਫੋਕੇ ਕਰਮ-ਕਾਂਡਾਂ ਵਿੱਚ ਉਲਝੀ ਲੋਕਾਈ ਨੂੰ ਗੁਰੂ ਸਾਹਿਬ ਨੇ ਨਾਮ, ਕੀਰਤਨ, ਕਿਰਤ ਅਤੇ ਦਾਨ ਦੀ ਦਾਤ ਬਖਸ਼ੀ।

ਸਤਿਗੁਰੂ ਨਾਨਕ ਦੇਵ ਜੀ ਪਹਿਲਾਂ ਆਪ ਨਾਮ ਜਪਿਆ, ਫੇਰ ਦੇਸ਼ਾ-ਦੇਸ਼ਾਂਤਰਾਂ ਤੱਕ ਜਾ ਕੇ ਲੋਕਾਂ ਨੂੰ ਨਾਮ ਜਪਣ ਲਾਇਆ। ਉਦਾਸੀਆਂ ਤੋਂ ਬਾਅਦ ਆਪ ਨੇ ਕਰਤਾਰ ਪੁਰ ਆ ਕੇ ਆਪ ਖੇਤੀ ਕੀਤੀ, ਸੁੱਚੀ ਕਿਰਤ ਕਰਨ ਦੀ ਪਰਿਪਾਟੀ ਤੋਰੀ ਅਤੇ ਲੰਗਰ ਸ਼ੁਰੂ ਕੀਤਾ, ਸੰਗਤ ਅਤੇ ਪੰਗਤ ਦੀ ਰੀਤ ਚਲਾਈ। ਨਾਮ ਜਪਣਾ, ਜਪਵਾਉਣਾ, ਕਿਰਤ ਕਰਨੀ ਅਤੇ ਦਾਨ ਕਰਨ ਦੀ ਰੀਤ ਗੁਰੂ ਸਾਹਿਬ ਨੇ ਆਪਣੇ ਅਮਲੀ ਜੀਵਨ ਦੁਆਰਾ ਆਰੰਭ ਕੀਤੀ।**"ਆਪਿ ਜਪੈ ਅਵਰਹ ਨਾਮੁ ਜਪਾਵੈ'** -ਗੁਰਵਾਕ ਅਨੁਸਾਰ ਸਾਰੇ ਸਤਿਗੁਰੂ ਸਾਹਿਬਾਨ ਨੇ ਆਪ ਨਾਮ ਜਪਿਆ ਅਤੇ ਸਿੱਖਾਂ ਤੋਂ ਜਪਵਾਇਆ। ਅੱਠਵੇਂ ਪਾਤਸ਼ਾਹ ਸ੍ਰੀ ਸਤਿਗੁਰੂ ਹਰਿ ਕ੍ਰਿਸ਼ਨ ਜੀ ਨੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਫ਼ੁਰਮਾਇਆ ਸੀ- **"ਬਾਬਾ ਬਸਹਿ ਜਿ ਗ੍ਰਾਮ ਬਕਾਲੇ॥ ਬਨਿ ਗੁਰ ਸੰਗਤ ਸਰਬ ਸਮਾਲੇ"**- ਉਪਰੰਤ ਬਕਾਲੇ ਗੁਰੂ ਅੰਸ਼ ਦੀਆਂ 22 ਮੰਜੀਆਂ ਡਹਿ ਗਈਆਂ। ਹਰ ਕੋਈ ਆਪਣੇ ਆਪ ਨੂੰ ਅਸਲੀ ਗੁਰੂ ਹੋਣ ਦਾ ਦਾਅਵਾ ਕਰ ਰਿਹਾ ਸੀ ਪਰ ਗੁਰੂ ਨਾਨਕ ਦੀ ਜੋਤ ਭੋਰੇ ਵਿੱਚ ਤੱਪ ਸਾਧਨਾ ਵਿੱਚ ਲੀਨ ਸੀ। ਨਾਮ ਦੀ ਸ਼ਕਤੀ ਦੁਆਰਾ ਇਲਾਹੀ ਜੋਤ ਭੋਰੇ ਵਿਚੋਂ ਸੂਰਜ ਵਾਂਗ ਪ੍ਰਗਟ ਹੋਈ, ਜਿਵੇਂ ਸੂਰਜ ਦੇ ਪ੍ਰਗਟ ਹੁੰਦਿਆਂ ਹੀ ਤਾਰੇ ਦਿਸਣੋਂ ਹੱਟ ਜਾਂਦੇ ਹਨ, ਇਸ ਤਰ੍ਹਾਂ ਸਾਹਿਬ ਗੁਰੂ ਤੇਗ ਬਹਾਦਰ ਜੀ ਦੇ ਪ੍ਰਗਟ ਹੁੰਦਿਆਂ ਹੀ ਨਕਲੀ ਬਾਈ ਦੇ ਬਾਈ ਗੁਰੂ ਅਲੋਪ ਹੋ ਗਏ।

ਸਾਹਿਬ ਕਲਗੀਧਰ ਨਾਮ ਦੀ ਮਹਿਮਾ ਉਚਾਰਨ ਕਰਦੇ ਹਨ-

ਸਭ ਕਰਮ ਫੋਕਟ ਜਾਨ॥ ਸਭ ਧਰਮ ਨਿਹਫਲ ਮਾਨ॥
ਬਿਨ ਏਕ ਨਾਮ ਅਧਾਰ॥ ਸਭ ਕਰਮ ਭਰਮ ਬਿਚਾਰ॥"

ਦਸਮ ਪਾਤਸ਼ਾਹ ਜੀ ਤੋਂ ਬਾਦ, ਸਿੱਖ ਰਾਜ ਭਾਗ ਪ੍ਰਾਪਤ ਕਰਕੇ ਐਸ਼ ਪ੍ਰਸਤ ਹੋ ਗਏ। ਨਾਮ-ਬਾਣੀ ਅਤੇ ਗੁਰਮਤਿ ਰਹਿਤ-ਮਰਿਆਦਾ ਭੁੱਲ ਗਏ। ਸਿੱਟੇ ਵੱਜੋਂ ਲੱਖਾਂ ਕੁਰਬਾਨੀਆਂ ਕਰਕੇ, ਪ੍ਰਾਪਤ ਕੀਤਾ ਰਾਜ-ਭਾਗ ਹੱਥੋਂ ਗਵਾ ਲਿਆ, ਗੁਲਾਮ ਹੋ ਗਏ। ਉੱਨੀਵੀਂ ਸਦੀ ਦੇ ਮੱਧ ਵਿੱਚ ਸਤਿਗੁਰੂ ਰਾਮ ਸਿੰਘ ਜੀ ਨੇ ਖਾਲਸਈ ਸ਼ਾਨ ਅਤੇ ਸਵੈਮਾਨ ਨੂੰ ਮੁੜ ਬੁਲੰਦੀਆਂ 'ਤੇ ਪੁਚਾਉਣ ਲਈ ਸਤਿਗੁਰੂ ਨਾਨਕ ਦੇਵ ਜੀ ਵਾਂਗ ਪਹਿਲਾਂ ਆਪ ਵੀਹ ਵਰ੍ਹੇ ਤਪੱਸਿਆ ਕੀਤੀ। । ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ-

ਜੀਹ ਨਾਮ ਜਪ ਮਾਹਿ, ਤਨ ਤਾਯੋ ਤਪ ਮਾਂਹਿ, ਮਨ ਮਹਿਬੂਬ ਮਾਂਹਿ, ਖੂਬ ਰਾਖਯੋ ਗਹਿ ਹੈਂ।
ਬੀਸਕ ਬਰਸ ਜਬਿ ਸਰਸ ਬਿਤਾਏ ਐਸ, ਬੰਦਗੀ ਜ਼ੁਹਦ ਜਾਪ ਕੀਨੋ ਮਨ ਲਾਇ ਕੈ।
ਦਾਸੀ ਜੋਊ ਨਾਮ ਕੀ ਪ੍ਰਕਾਸ਼ੀ ਰਿਧਿ ਸਿਧਿ ਸੋਊ, ਭਾਸੀ ਬਾਣੀ ਮੈ ਤਾਸੀਰ ਭਜਨ ਪ੍ਰਭਾਇ ਕੈ।
ਭਈ ਤੌ ਅਕਾਸ਼ ਬਾਨੀ ਖਾਸ ਯੌਂ ਮਹਾਨੀ ਤਾਂਹਿ, ਦੇਹੁ ਨਾਮ ਜੀਵਨ ਕੋ, ਸੀਖ ਭੋਗ ਦਾਇਕੈ॥
ਪੰਥ ਗੁਰ ਦਸਮ ਕੀ, ਰਸਮ ਬਢਾਵੋ ਜਗਿ, ਖਸਮ ਕਾ ਖਾਲਸਾ ਹੈ, ਖਾਸ ਯੇ ਲਖਾਇ ਕੈ॥

ਨਾਮ ਅਤੇ ਬਾਣੀ ਦੀ ਸ਼ਕਤੀ ਦੁਆਰਾ ਸਤਿਗੁਰੂ ਰਾਮ ਸਿੰਘ ਜੀ ਨੇ ਖਾਲਸਾ ਪੰਥ ਦੀ ਪੁਨਰ ਸਥਾਪਨਾ "ਸੰਤ ਖਾਲਸਾ" ਦੇ ਰੂਪ ਵਿੱਚ ਕੀਤੀ । ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੀ ਰਹਿਤ ਮਰਿਆਦਾ ਨਾਲ ਸਿੱਖਾਂ ਨੂੰ ਜੋੜਿਆ। ਸੰਤ ਖਾਲਸੇ ਦੀ ਨਿਆਰੀ ਪਹਿਚਾਨ ਅਤੇ ਸਵੈਮਾਨ ਮੁੜ ਸਿਖਰਾਂ 'ਤੇ ਪੁਚਾਇਆ। ਨਾਮ ਜਪਣ ਕਰਕੇ ਸੰਤ ਖਾਲਸਾ "ਨਾਮਧਾਰੀ" ਨਾਮ ਨਾਲ ਪ੍ਰਸਿੱਧ ਹੋ ਗਿਆ ਅਤੇ ਸ਼ਬਦ ਦੀ ਮਸਤੀ ਵਿੱਚ ਮਸਤਾਨੇ ਹੋਣ ਕਰਕੇ ਅਤੇ ਬੀਰ ਰਸ ਅਤੇ ਵੈਰਾਗ ਰਸ ਭਰਪੂਰ ਪੰਚਮ ਸੁਰਾਂ ਤੇ ਹੱਲੇ ਦਾ ਕੀਰਤਨ ਕਰਨ ਕਰਕੇ 'ਕੂਕੇ' ਨਾਮ ਪ੍ਰਸਿੱਧ ਹੋਇਆ। ਨਾਮਧਾਰੀ ਸਿੱਖਾਂ ਵੱਲੋਂ ਅਰੰਭਿਆ ਆਜ਼ਾਦੀ ਸੰਗਰਾਮ ਅੰਗ੍ਰੇਜ਼ੀ ਦਸਤਵੇਜ਼ਾਂ ਵਿੱਚ 'ਕੂਕਾ ਅੰਦੋਲਨ' ਦੇ ਨਾਮ ਪ੍ਰਸਿੱਧ ਹੈ- ਪੰਥ ਪ੍ਰਕਾਸ਼ ਦੇ ਕਰਤਾ ਗਿਆਨੀ ਗਿਅਆਨ ਸਿੰਘ ਜੀ ਲਿਖਦੇ ਹਨ-

'ਸਹੀ ਨਾਮ ਨਾਮਧਾਰੀ ਆਹਿ ਤਿਨ ਕਾ ਉਦਾਰੀ, ਕੂਕ ਮਾਰਨੇ ਤੈ ਕੂਕੇ ਜਗਤ ਬਖਾਨ ਹੈਂ।'.......
ਸ਼ੁਕਲ ਬਸਨ ਮਾਲਾ ਸੂਧੀ ਦਸਤਾਰ ਦਾੜ੍ਹੀ, ਕਰਿ ਹੈਂ ਹਮਨ ਪਾਠ ਗ੍ਰੰਥ-ਗੁਰੂ ਜੂ ਕੇ ਹੈਂ।
ਦਸਮੇਂ ਗੁਰੂ ਕੇ ਸਿੰਘ ਸਾਦਿਕ ਸਹੀ ਹੈ ਸਭ, ਲਾਲਸਾ ਲਲਾਮ ਰਾਜ ਲੈਬੇ ਕੀ ਅਚੂਕੇ ਹੈਂ।


ਨਾਮਧਾਰੀ ਸਿੱਖਾਂ ਨੇ ਕੁਰਬਾਨੀਆਂ ਦਾ ਮੁੜ ਇਤਿਹਾਸ ਦੁਹਰਾਇਆ। ਦੇਸ਼ ਦੀ ਆਜ਼ਾਦੀ ਅਤੇ ਧਰਮ ਦੀ ਰੱਖਿਆ ਲਈ ਤੋਪਾਂ ਦੇ ਗੋਲੇ ਹਿੱਕਾਂ ਤੇ ਸਹਿ ਕੇ ਫਾਂਸੀਆਂ ਦੇ ਰੱਸੇ ਆਪ ਗੱਲਾਂ ਵਿੱਚ ਪਾ ਕੇ ਬਰਤਾਨਵੀ ਸਮਰਾਜ ਦੀਆਂ ਜੜ੍ਹਾਂ ਹਿਲਾ ਦਿੱਤੀਆਂ। ਸਤਿਗੁਰੂ ਰਾਮ ਸਿੰਘ ਜੀ ਦੇ ਤਦ ਵਕਤੀ ਅੰਗਰੇਜ਼ ਭਗਤ ਪੁਜਾਰੀਆਂ ਨੂੰ ਲਿਖੇ ਹੁਕਮਨਾਮੇ ਦੇ ਸ਼ਬਦ ਹਨ - "ਕੂਕਾ ਪੰਥ ਮੰਤ੍ਰ ਸ਼ਕਤ ਨਾਲ ਹੋਆ ਹੈ।... ਅਸੀਂ ਦੋਹਾਂ ਗ੍ਰੰਥ ਸਾਹਿਬਾਂ ਦੀ ਬਾਣੀ ਤੇ ਭਾਈ ਜੀ ਦੀ ਬਾਣੀ ਬਿਨਾਂ ਹੋਰ ਬਾਣੀ ਨਹੀ ਪੜ੍ਹਦੇ। ਗੁਰਮੰਤ੍ਰ ਬਿਨਾਂ ਹੋਰ ਕਿਸੇ ਦਾ ਮੰਤ੍ਰ ਨਹੀ ਪੜ੍ਹਦੇ"। ਸਤਿਗੁਰੂ ਰਾਮ ਸਿੰਘ ਜੀ ਨੇ ਨਾਮ ਤੇ ਬਾਣੀ ਨਾਲ ਸਿੱਖਾਂ ਨੂੰ ਜੋੜਿਆ। ਸਤਿਗੁਰੂ ਹਰੀ ਸਿੰਘ ਜੀ ਨੇ ਅੰਗਰੇਜ਼ ਸਰਕਾਰ ਦੇ ਦਮਨ ਚੱਕਰ ਦੇ ਦੌਰ ਵਿੱਚ ਚੌਂਤੀ ਵਰ੍ਹੇ ਨਾਮ ਬਾਣੀ ਦੀ ਸ਼ਕਤੀ ਨਾਲ ਸਿੱਖੀ ਨੂੰ ਹਰੀ ਰੱਖਿਆ।

ਵੱਡੇ ਪ੍ਰਤਾਪ ਵਾਲੇ ਸਤਿਗੁਰੂ ਜੀ ਨੂੰ ਨਾਮਧਾਰੀ ਸਿੱਖ ਅਰਦਾਸ ਵਿੱਚ ਇਹਨਾਂ ਸ਼ਬਦਾਂ ਨਾਲ ਧਿਆਉਂਦੇ ਹਨ -"ਅੱਟਲ ਪ੍ਰਤਾਪੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸਿਮਰੀਐ, ਜਿਨ੍ਹਾਂ ਕਲਿਜੁਗ ਵਿਚ ਸੁੱਚ-ਸੋਧ, ਨਾਮ-ਬਾਣੀ ਦਾ ਪਰਵਾਹ ਦੀਆ ਚਲਾਇ" ਆਪ ਜੀ ਨੇ ਨਾਮਧਾਰੀ ਪੰਥ ਵਿਚ ਸਾਮੂਹਿਕ ਤੌਰ 'ਤੇ ਰੋਜ਼ਾਨਾ ਇਕ ਘੰਟਾ ਨਾਮ ਸਿਮਰਨ ਆਰੰਭ ਕੀਤਾ। ਹਰ ਵਰ੍ਹੇ ਨਾਮ ਸਿਮਰਨ ਜੱਪ-ਪ੍ਰਯੋਗ ਜੋ ਪਹਿਲਾਂ ਚਾਲੀ ਦਿਨਾਂ ਦਾ ਅਤੇ ਫਿਰ ਮਹੀਨੇ ਭਰ ਦਾ ਹੁੰਦਾ ਰਿਹਾ ਹੈ। **'ਅਲਪ ਆਹਾਰ, ਸੁਲਪ ਸੀ ਨਿੰਦ੍ਰਾ'** ਦੇ ਸੰਜਮ ਵਿਚ ਰਹਿ ਕੇ ਰੋਜ਼ਾਨਾ ਅੱਠ ਘੰਟੇ ਨਾਮ ਸਿਮਰਨ ਅਤੇ ਗੁਰਬਾਣੀ ਪਾਠ ਦਾ ਨੇਮ ਨਿਭਾਉਣਾ ਅਰੰਭ ਕੀਤਾ। ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਵੀ ਨਾਮ ਸਿਮਰਨ ਜੱਪ-ਪ੍ਰਯੋਗ ਜਾਰੀ ਰਿਹਾ ਜੋ ਕਿ ਪਹਿਲਾਂ ਸੌਣ ਮਹੀਨੇ ਵਿੱਚ ਅਤੇ ਫੇਰ ਭਾਦਰੋਂ ਦੇ ਮਹੀਨੇ ਵਿੱਚ ਹੁੰਦਾ ਰਿਹਾ ਅਤੇ ਹੁਣ ਮੌਸਮ ਦੀ ਸਹੂਲਤ ਅਨੁਸਾਰ ਅੱਸੂ ਵਿਚ ਹੋਣ ਲੱਗਾ। ਅੱਜ ਕੱਲ੍ਹ ਨਾਮ ਸਿਮਰਨ ਜੱਪ-ਪ੍ਰਯੋਗ 'ਅੱਸੂ ਦਾ ਮੇਲੇ' ਨਾਮ ਨਾਲ ਹੀ ਪ੍ਰਸਿੱਧ ਹੈ। 1986-87 ਈ: ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਦੋ ਵਰ੍ਹੇ ਆਪ ਸ੍ਰੀ ਭੈਣੀ ਸਾਹਿਬ ਰਹਿ ਕੇ ਅਖੰਡ ਨਾਮ ਸਿਮਰਨ ਜੱਪ-ਪ੍ਰਯੋਗ ਆਰੰਭ ਕੀਤਾ ਜੋ ਕਿ ਅੱਜ ਤੱਕ ਜਾਰੀ ਹੈ। ਨਾਮ ਸਿਮਰਨ ਦੀਆਂ ਦੋ ਅਖੰਡ ਵਰਨੀਆਂ ਵੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਹੀ ਜਾਰੀ ਕੀਤੀਆਂ, ਜੋ ਕਿ ਸਤਿਗੁਰੂ ਜਗਜੀਤ ਸਿੰਘ ਜੀ ਵੇਲੇ 16 ਤੱਕ ਵਰਨੀਆਂ ਦੀ ਗਿਣਤੀ ਪੁੱਜ ਗਈ।

ਕਰੀਬ ਸੰਨ 2004 ਵਿੱਚ ਇਕ ਵੇਰ ਸ੍ਰੀ ਉਦੇ ਸਿੰਘ ਜੀ ਜਦ ਸ੍ਰੀ ਭੈਣੀ ਸਾਹਿਬ ਆਏ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਨਤ-ਮਸਤਕ ਹੋਏ। ਆਪ ਜੀ ਨੇ ਬਚਨ ਕੀਤਾ, "ਕਾਕਾ ਹੁਣ ਤੂੰ ਨਾਮ ਜਪਿਆ ਕਰ ਤੇ ਜਪਵਾਇਆ ਵੀ ਕਰ" ਇਹ ਇਸੇ ਤਰ੍ਹਾਂ ਦੀ ਪੰਥਕ ਜਿੰਮੇਵਾਰੀ ਸੌਂਪਣ ਦਾ ਸੰਕੇਤ ਸੀ ਜਿਵੇਂ ਸਤਿਗੁਰੂ ਰਾਮ ਸਿੰਘ ਜੀ ਨੇ ਪ੍ਰਦੇਸ ਗਵਨ ਤੋਂ ਛੇ ਕੁ ਮਹੀਨੇ ਪਹਿਲਾਂ ਸਤਿਗੁਰੂ ਹਰੀ ਸਿੰਘ ਜੀ ਨੂੰ ਹੁਕਮ ਕੀਤਾ ਸੀ ਕਿ ਲੰਗਰ ਚੋਂ ਪ੍ਰਸ਼ਾਦਾ ਛਕੋ, ਨਾਮ ਜਪੋ, ਸੇਵਾ ਕਰੋ ਤੇ ਨਾਮ ਜਪਵਾਉ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਸਦਕਾ ਸਤਿਗੁਰੂ ਉਦੇ ਸਿੰਘ ਜੀ ਦੀ ਰਹਿਨੁਮਾਈ ਹੇਠ ਸ੍ਰੀ ਭੈਣੀ ਸਾਹਿਬ ਵਿਖੇ ਪਹਿਲੀ ਅੱਸੂ ਤੋਂ ਨਾਮ ਸਿਮਰਨ ਜਪ-ਪ੍ਰਯੋਗ ਹੋ ਰਿਹਾ ਹੈ।

**ਹਰਪਾਲ ਸਿੰਘ ਸੇਵਕ, ਸ੍ਰੀ ਭੈਣੀ ਸਾਹਿਬ, ਸੰਪਰਕ: 94176-01321**

# ਹੁਕਮਨਾਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ




ਹੋਰ ਭਾਈ ਏਨਾ ਦਾ ਨੌਕਰ ਕੋਈ ਨਾ ਰਹੇ। ਜੋ ਰਹੂ ਸੋ ਬਹੁਤ ਔਖਾ ਹੋਊਗਾ। ਏਨਾ ਨੂ ਤਾ ਗੁਰੂ ਸਾਹਿਬ ਦਾ ਅਨਿਕ ਭਾਤ ਦੀ ਮਾਰ ਦਾ ਹੁਕਮੁ ਹੈ, ਅਗੇ ਗੁਰੂ ਜਾਣੇ। ਹੋਰ ਭੇਖਾ ਦੀ ਸੇਵਾ ਕਰਨੀ ਜਥਾ ਸਕਤਿ, ਭਾਵੇ ਨਿੰਦਾ ਈ ਕਰਨ ਵਾਲਾ ਹੋਵੇ। ਸੇਵਾ ਕਰਨ ਵਾਲੇ ਕੋ ਸੇਵਾ ਦਾ ਫਲੁ, ਨਿੰਦਾ ਵਾਲੇ ਨੂ ਨਿੰਦਾ ਕਾ, ਆਪ ਸਭ ਕੇ ਸਾਥ ਅਨੰਦ ਰਹਿਣਾ।

ਏਨਾ ਬਿਲਿਆ ਨੂ ਲੋਕਾ ਨੇ ਏਹੁ ਭਰਮ ਪਾਇਆ ਹੈ ਚੰਗਿਆ ਚੰਗਿਆ ਨੇ, ਏਹੁ ਕੂਕੇ ਤੁਮਾਰਾ ਰਾਜ ਲੈ ਲੈਣਗੇ ਅਗੇ ਵਾਗੂ ਜੈਸਾ ਚੁਗਤਿਆ ਥੋ ਲੈ ਲਿਆ ਸੀ। ਏ ਓਈ ਸਿਖ ਹੈਨਿ, ਏਸ ਕਰਕੇ ਸਾਡੇ ਪਿਛੇ ਪੈ ਗਏ ਲੋਕਾ ਦਾ ਕਹਾ ਮੰਨਕੇ। ਹਮਾਰੀ ਤਾ ਮਨਸਾ ਕਿਸੇ ਦਾ ਕਖ ਖੋਹਣ ਦੀ ਨਹੀ ਸੀ। ਇਕੁ ਗਾਈ ਦਾ ਤਰਸ ਠੀਕ ਆਉਦਾ ਹੈ ਹੁਣ ਭੀ, ਜੋ ਗਾਈ ਮੈ ਬਹੁਤ ਗੁਣ ਹੈਨ ਔਗੁਣ ਕੋਈ ਬੀ ਨਹੀ, ਬਿਚਾਰ ਲੇਹੁ। ਭੂਲ ਚੂਕ ਲਿਖਣ ਵਾਲੇ ਨੂ ਬਖਸਣੀ ਗੁਰੂ ਜੀ।

**(ਹੁਕਮਨਾਮਾ ੩)**

# ਉਪਦੇਸ਼ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ



## ਨਾਮ ਜਪਣ ਦੀ ਮਰਿਯਾਦਾ

ਨਾਮ ਜਪਣ ਦੀ ਮਰਿਯਾਦਾ ਹੈ ਕਿ ਹੁਕਮ ਅਨੁਸਾਰ ਗੁਰਮੰਤਰ ਲਿਆ ਜਾਵੇ। ਅੱਜ-ਕੱਲ੍ਹ ਬੜਾ ਭੁਲੇਖਾ ਪਾ ਦਿੱਤਾ ਹੈ, ਕਈਆਂ ਨੇ ਕਿ ਜੀ ਅੰਮ੍ਰਿਤ ਛਕਿਆ ਹੈ। ਅੰਮ੍ਰਿਤ ਜਿਹੜਾ ਹੈ,ਉਹ ਨਾਮੁ ਨਹੀਂ ਹੈਗਾ। ਨਾਮੁ ਉਹ ਹੈ ਜਿਹੜਾ ਲਿਖਿਆ ਹੈ, 'ਮੰਤ੍ਰੁ ਦੀਓ ਗੁਰ ਕਾਨ'। ਕੰਨ ਵਿਚ ਦਿੱਤਾ ਜਾਂਦਾ ਹੈ, ਅੰਮ੍ਰਿਤ ਤੇ ਮੂੰਹ ਨਾਲ ਛਕਣਾ ਹੈ। 'ਮਹਾ ਮੰਤ੍ਰੁ ਗੁਰ ਹਿਰਦੈ ਬਸਿਓ'। ਸਤਿਗੁਰੂ ਤੋਂ ਨਾਮ ਲੈ ਕੇ ਜਿੰਨਾ ਚਿਰ ਨਾ ਜਪਿਆ ਜਾਵੇ, ਓਨਾ ਚਿਰ ਇਸ ਸੰਸਾਰ ਤੇ ਆਉਣ ਦਾ ਸਾਨੂੰ ਲਾਭ ਨਹੀਂ।

**ਆਇਓ ਸੁਨਨ ਪੜਨ ਕਉ ਬਾਣੀ॥**
**ਨਾਮੁ ਵਿਸਾਰਿ ਲਗਹਿ ਅਨ ਲਾਲਚਿ ਬਿਰਥਾ ਜਨਮੁ ਪਰਾਣੀ॥**
**ਸਮਝੁ ਅਚੇਤ ਚੇਤਿ ਮਨ ਮੇਰੇ, ਕਥੀ ਸੰਤਨ ਅਕਥ ਕਹਾਣੀ॥**
**ਲਾਭੁ ਲੈਹੁ ਹਰਿ ਰਿਦੈ ਅਰਾਧਹੁ ਛੁਟਕੈ ਆਵਣ ਜਾਣੀ॥**

ਉਸਦਾ ਫਾਇਦਾ ਤਾਂ ਹੈ ਜੇ ਅਸੀਂ ਨਾਮ ਜਪੀਏ ਤੇ ਇਹ ਆਉਣਾ-ਜਾਣਾ (ਜਨਮ-ਮਰਣ ਦਾ ਗੇੜ) ਸਾਡਾ ਛੁੱਟ ਜਾਵੇ।

## ਪ੍ਰਵਚਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ
## ਜਪ ਪ੍ਰਯੋਗ ਆਰੰਭ ਸਮੇਂ

੧ ਅੱਸੂ ੨੦੭੫
17 ਸਤੰਬਰ 2018, ਸੋਮਵਾਰ

ਸਥਾਨ-ਸ੍ਰੀ ਭੈਣੀ ਸਾਹਿਬ

ਪਰਮ ਸਤਿਕਾਰ ਯੋਗ ਸਾਧ ਸੰਗਤ ਜੀ, ਇਕ ਵੇਰ ਰਸਨਾ ਪਵਿੱਤਰ ਕਰੋ, ਸਾਰੇ ਬੜੇ ਪਿਆਰ ਨਾਲ ਆਖੀਏ—ਧੰਨ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ, ਜਿਨ੍ਹਾਂ ਦੀ ਦਿੱਤੀ ਹੋਈ ਇਹ ਸਿੱਖੀ ਏ, ਜਿਨਾਂ ਦਾ ਬਖ਼ਸ਼ਿਆ ਇਹ ਸਰੂਪ ਏ।

ਇਕ ਵਾਰੀ ਉਸ ਸਤਿਗੁਰੂ- ਸੱਚੇ ਪਾਤਸ਼ਾਹ ਨੂੰ ਯਾਦ ਕਰੀਏ, ਜਿਨਾਂ ਨੇ ਏਸ ਰੂਪ ਵਿਚ ਇਹ ਜੱਪ-ਪ੍ਰਯੋਗ ਦੀ ਸ਼ੁਰੂਆਤ ਕੀਤੀ। ਬੜੇ ਪਿਆਰ ਨਾਲ ਆਖੀਏ- ਧੰਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ। ਸ਼ਾਇਦ ਸਤਿਗੁਰੂ ਪ੍ਰਤਾਪ ਸਿੰਘ ਵੇਲੇ ਇਹ ਜੱਪ-ਪ੍ਰਯੋਗ ਕੋਈ ਸੈਂਕੜੇ ਸਿੰਘ (ਸੌ, ਦੋ ਸੌ ਤਕ ਹੀ) ਕਰਦੇ ਹੋਣਗੇ।

ਜਿਸ ਸਤਿਗੁਰੂ ਨੇ ਇਹ ਜੱਪ-ਪ੍ਰਯੋਗ ਹਜ਼ਾਰਾਂ ਤੇ ਸ਼ਾਇਦ ਦਸ ਹਜ਼ਾਰ ਤੋਂ ਵੀ ਵੱਧ ਸਿਖਾਂ ਤਕ ਪੁੱਚਾ ਦਿੱਤਾ ਜੇ ਮੈਂ ਕਹਿ ਲਵਾਂ ਕਿ ਇਹ ਸੱਚੇ ਪਾਤਸ਼ਾਹ ਨੇ ਇਕ ਕਰਾਮਾਤ ਹੀ ਕੀਤੀ। ਆਪਾਂ ਵੇਖਦੇ ਹਾਂ ਕਿ ਜਿਹੜੇ ਕਦੀ ਨਾਮ-ਸਿਮਰਨ ਵਿਚ ਨਹੀਂ ਆਏ, ਕਈ ਜਿਹੜੇ ਸੰਗਤ ਵਿਚ ਵੀ ਨਹੀਂ ਔਂਦੇ, ਕਈ ਉਹ ਜਿਹੜੇ ਕਦੀ ਸਵੇਰੇ ਉੱਠਦੇ ਨਹੀਂ, ਐਹ ਜੱਪ-ਪ੍ਰਯੋਗ ਦੇ ਮਹੀਨੇ ਵਿਚ ਉਹ ਵੀ ਸਵੇਰੇ ਉੱਠਣ ਲੱਗ ਜਾਂਦੇ ਨੇ। ਸਤਿਗੁਰੂ ਸੱਚੇ ਪਾਤਸ਼ਾਹ ਨੇ ਐਨੀ ਕਿਰਪਾ ਕੀਤੀ। ਆਪਾਂ ਨੂੰ ਵੀ ਜੱਪ-ਪ੍ਰਯੋਗ ਕਰਨ ਲਾਇਆ, ਉਨ੍ਹਾਂ ਨੂੰ ਯਾਦ ਕਰਕੇ ਇਕ ਵਾਰ ਆਖੀਏ—ਧੰਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ।

ਸਾਧ ਸੰਗਤ ਜੀ ਮੈਂ ਸਮਝਦਾ ਹਾਂ ਕਿ ਇਹ ਬੜੇ ਵੱਡੇ ਭਾਗ ਨੇ, ਆਪਾਂ ਸੱਚੇ ਪਾਤਸ਼ਾਹ ਦੇ ਦਰਸ਼ਨ ਕੀਤੇ ਨੇ, ਆਪਾਂ ਨੂੰ ਉਹਨਾਂ ਨੇ ਏਨਾ ਉੱਦਮ ਦਿੱਤਾ ਹੈ ਕਿ ਆਪਾਂ ਸਵੇਰੇ ਅੰਮ੍ਰਿਤ ਵੇਲੇ ਉਠਦੇ ਹਾਂ। ਉੱਠਕੇ ਘੱਟੋ-ਘੱਟ ਬੈਠਦੇ ਜਰੂਰ ਹਾਂ। ਉਨਾਂ ਪਾਤਸ਼ਾਹ ਦੇ ਹੁਕਮ ਮੁਤਾਬਕ ਮੈਂ ਅਰਜ਼ ਕਰਦਾ ਹਾਂ ਕਿ ਥੋੜੀ ਜਹੀ ਹੋਰ ਮਿਹਨਤ ਕਰੀਏ। ਜਿਸ ਤਰ੍ਹਾਂ ਜਸਵਿੰਦਰ ਸਿੰਘ ਨੇ ਆਖਿਆ ਹੈ, ਕੋਸ਼ਿਸ਼ ਜਰੂਰ ਕਰੀਏ ਕਿ ਸਾਡਾ ਮਨ ਲੱਗੇ। ਸਤਿਗੁਰੂ ਜਗਜੀਤ ਸਿੰਘ ਸੱਚੇ-ਪਾਤਸ਼ਾਹ ਦਾ ਹੁਕਮ ਤੁਸੀਂ ਬਹੁਤ ਵਾਰ ਸੁਣਿਆ ਹੈ, ਜਿਹੜਾ ਆ ਕੇ ਮੈਨੂੰ ਆਖਦਾ ਹੈ ਕਿ ਨਾਮ-ਸਿਮਰਨ ਕਰਦਿਆਂ ਮੇਰਾ ਮਨ ਨਹੀਂ ਲਗਦਾ, ਮੈਨੂੰ ਉਹ ਵੀ ਖੁਸ਼ੀ ਹੁੰਦੀ ਹੈ। ਇਸ ਕਰਕੇ ਖੁਸ਼ੀ ਹੁੰਦੀ ਹੈ ਕਿ ਤੁਸੀ ਸੋਚਣ ਤੇ ਲੱਗੇ ਕਿ ਮੇਰਾ ਮਨ ਲਗਦਾ ਹੈ ਕਿ ਨਹੀਂ। ਬਹੁਤੀ ਵਾਰ ਇਕ ਰਿਵਾਜ਼ ਮੁਤਾਬਕ ਕਿ ਬਾਕੀ ਸਾਰੇ ਜਾ ਰਹੇ ਨੇ, ਆਪਾਂ ਵੀ ਜਾਂਦੇ ਹਾਂ, ਆਪਾਂ ਵੀ ਪ੍ਰਯੋਗ ਵਿਚ ਮੱਥਾ ਟੇਕ ਕੇ ਆ ਜਾਂਦੇ ਹਾਂ। ਪਰ ਆਪਾਂ ਇਹ ਕੋਸ਼ਿਸ਼ ਤੇ ਕਰੀਏ ਕਿ ਸਾਡਾ ਮਨ ਲੱਗੇ। ਮਨ ਲਾਉਣ ਵਾਸਤੇ ਬੜੀ ਛੋਟੀ ਜਹੀ ਗਲ, ਜਦੋਂ ਸਤਿਗੁਰੂ ਜਗਜੀਤ ਸਿੰਘ ਸੱਚੇ-ਪਾਤਸ਼ਾਹ ਦੇ ਕੋਲ ਬੈਠੇ ਹੋਣਾ, ਜਿਹੜੇ ਸੇਵਕ ਨੇੜੇ ਬੈਠਦੇ ਰਹੇ ਨੇ ਉਹਨਾਂ ਨੂੰ ਯਾਦ ਹੈ, ਕਿ ਜੇ ਮੂੰਹ ਮੀਟ ਕੇ ਬੈਠੇ ਹੋਣਾ ਤਾਂ ਸੱਚੇ ਪਾਤਸ਼ਾਹ ਨੇ ਇਸ਼ਾਰਾ ਕਰਨਾ, ਕਾਕਾ ਮੂੰਹ ਬੰਦ ਕਰਕੇ ਨਾ ਬੈਠੋ, ਰਸਨਾ ਹਿਲਾ ਕੇ ਭਜਨ ਕਰੋ। ਸੱਚੇ ਪਾਤਸ਼ਾਹ ਅਕਸਰ ਧਿਆਨ ਰਖਣਾ ਕਿ ਨਿਤਨੇਮ ਵਿਚ ਮੂੰਹ ਬੰਦ ਕਰਕੇ ਨਾ ਬੈਠੋ। ਸੋ ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਮਨ ਲਾਉਣ ਵਿਚ ਸਭ ਤੋਂ ਵੱਡੀ ਗਲ ਹੈ ਕਿ ਆਪਾਂ ਨਾਮ ਦਾ ਆਸਰਾ ਲਈਏ। ਫੇਰ ਸੱਚੇ ਪਾਤਸ਼ਾਹ ਅਗਲਾ ਹੁਕਮ ਕੀਤਾ ਹੈ, 'ਨਾਮ ਦਾ ਉਚਾਰਣ ਸ਼ੁਧ ਹੋਵੇ।' ਸਾਡਾ ਮਨ ਏਧਰ-ਉਧਰ ਭਟਕਣ ਦੀ ਬਹੁਤ ਸਾਰੀ ਸਮਸਿਆ ਹੱਲ ਜੋ ਜਾਵੇਗੀ ਜੇ ਅਸੀਂ ਸੱਚੇ ਪਾਤਸ਼ਾਹ ਦਾ ਹੁਕਮ ਮੰਨ ਕੇ ਨਾਮ ਜਪਣ ਲਗ ਜਾਈਏ ਅਤੇ ਨਾਮ ਦਾ ਉਚਾਰਣ ਸ਼ੁਧ ਹੋਵੇ। ਤੀਸਰਾ ਸੱਚੇ ਪਾਤਸ਼ਾਹ ਹੁਕਮ ਕੀਤਾ ਹੈ ਕਿ ਜਦੋਂ ਤੁਸੀ ਨਾਮ ਜਪਦੇ ਹੋ, ਤੁਹਾਡੇ ਅੰਦਰ ਕਿਸੇ ਵਾਸਤੇ ਈਰਖਾ ਨਾ ਹੋਵੇ। ਜਦੋਂ ਸਾਡੇ ਅੰਦਰ ਈਰਖਾ ਹੁੰਦੀ ਹੈ, ਸਾਡਾ ਮਨ ਮੁੜ-ਮੁੜ ਕੇ ਉਧਰ ਨੂੰ ਜਾਂਦਾ ਹੈ। ਸਾਡਾ ਮਨ ਨਾਮ ਵਿਚ ਲਗਦਾ ਹੀ ਨਹੀਂ। ਚੌਥੀ ਮੈਂ ਅਰਜ਼ ਕਰਦਾ ਹਾਂ ਕਿ ਆਪਣੀਆਂ ਚਿੰਤਾਵਾਂ ਛਡ ਦਿਉ। ਚਿੰਤਾਵਾਂ ਏਸ ਕਰਕੇ ਛੱਡ ਦੇਈਏ ਕਿ ਮੇਰੇ ਕੀਤਿਆਂ ਕੁਝ ਨਹੀਂ ਹੋਣਾ, ਜਿਸਦਾ ਮੈਂ ਨਾਮ ਜਪਦਾ ਹਾਂ ਤਾਂ ਉਸਦੀ ਕਿਰਪਾ ਨਾਲ ਮੇਰੇ ਕੰਮ ਆਪੇ ਹੀ ਠੀਕ ਹੋਣੇ ਹਨ। ਅਸੀਂ ਆਪਣੇ ਮਨ ਨੂੰ ਇਹ ਵਿਸ਼ਵਾਸ ਦਵਾ ਦੇਈਏ। ਜਦੋਂ ਅਸੀਂ ਮਨ ਵਿਚੋਂ ਈਰਖਾ ਕੱਢ ਦਿਆਂਗੇ, ਚਿੰਤਾ ਛੱਡ ਦਿਆਂਗੇ, ਮਨ ਆਪੇ ਹੀ ਟਿਕੇਗਾ। ਇਕ ਹੋਰ ਸੱਚੇ ਪਾਤਸ਼ਾਹ ਹੁਕਮ ਕਰਦੇ ਸਨ ਕਿ ਨਾਮ ਬੜੇ ਹੀ ਪਿਆਰ ਨਾਲ ਜੱਪੋ। ਅਸੀਂ ਪਿਆਰ ਨਾਲ ਨਾਮ ਜੱਪਾਂਗੇ, ਸ਼ੁਧ ਉਚਾਰਣ ਕਰਾਂਗੇ ਤਾਂ ਸਾਡਾ ਮਨ ਆਪਣੇ ਆਪ ਹੀ ਲੱਗਣ ਲਗ ਜਾਏਗਾ। ਸੱਚੇ ਪਾਤਸ਼ਾਹ ਦਾ ਹੁਕਮ ਹੁੰਦਾ ਸੀ ਕਿ ਪ੍ਰਯੋਗ ਦੇ ਦਿਨਾਂ ਵਿਚ ਜਿੰਨੀ ਬਹੁਤ ਜਰੂਰੀ ਹੋਵੇ ਉਨੀਂ ਹੀ ਗੱਲ ਕੀਤੀ ਜਾਵੇ। ਜਿਆਦਾ ਗੱਲਾਂ ਨਾ ਕੀਤੀਆਂ ਜਾਣ, ਖਾਸ ਕਰਕੇ ਨਿੰਦਿਆ ਨਾ ਕੀਤੀ ਜਾਵੇ, ਈਰਖਾ ਨਾ ਕੀਤੀ ਜਾਵੇ, ਕਿਸੇ ਦੀ ਬੁਰਿਆਈ ਨਾ ਕੀਤੀ ਜਾਵੇ। ਜੇ ਅਸੀਂ ਏਸ ਪਾਸੇ ਨੂੰ ਤੁਰਾਂਗੇ, ਆਪਸ ਵਿਚ ਗੱਲ ਕਰਾਂਗੇ ਕਿ ਤੇਰਾ ਮਨ ਕਿੰਨਾ ਕੁ ਲੱਗਾ ਹੈ ਤਾਂ ਅਸੀਂ ਘੱਟੋ-ਘੱਟ ਉਸ ਰਸਤੇ ਤੇ ਤੁਰ ਪਵਾਂਗੇ। ਇਹ ਸਾਡਾ ਕੁਝ ਕਰਨ ਤੋਂ ਬਾਦ ਵੀ ਹੋਣਾ ਤੇ ਕਿਰਪਾ ਨਾਲ ਹੀ ਹੈ—

'ਮਨ ਵਸ ਆਵੈ ਨਾਨਕਾ ਜੇ ਪੂਰਣ ਕਿਰਪਾ ਹੋਏ।' -ਸੱਚੇ ਪਾਤਸ਼ਾਹ ਜੀ ਦੀ ਕਿਰਪਾ ਤੋਂ ਮਨ ਵਸ ਨਹੀਂ ਅਉਂਦਾ ਪਰ ਆਪਾਂ ਹੁਕਮ ਮੰਨ ਕੇ ਏਸ ਪਾਸੇ ਨੂੰ ਤੁਰੀਏ। ਫੇਰ ਕਿਰਪਾ ਵੀ ਸੱਚੇ ਪਾਤਸ਼ਾਹ ਕਰਦੇ ਨੇ। ਆਪਣੇ ਚੋਂ ਬਹੁਤੇ, ਆਪਾਂ ਰੋਗੀ ਹਾਂ, ਕੋਈ ਮਨ ਕਰਕੇ, ਕੋਈ ਤਨ ਕਰਕੇ ਰੋਗੀ ਹੈ, ਦਵਾਈ ਸਾਰਿਆਂ ਨੂੰ ਚਾਹਿਦੀ ਹੈ, ਸੱਚੇ ਪਾਤਸ਼ਾਹ ਨੇ ਕੀ ਦਵਾਈ ਦਿੱਤੀ ਹੈ- 'ਸਰਬ ਰੋਗ ਕਾ ਅਉਖਦ ਨਾਮੁ।' ਗੁਰਬਾਣੀ ਨੂੰ ਆਪਾਂ ਮੱਥਾ ਟੇਕਦੇ ਹਾਂ, ਉਸ ਗੁਰਬਾਣੀ ਤੇ ਆਪਾ ਵਿਸ਼ਵਾਸ ਕਰ ਲਈਏ। ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਅਕਸਰ ਹੁਕਮ ਕਰਿਆ ਕਰਦੇ ਸਨ – 'ਹਰਿ ਕੋ ਨਾਮੁ ਸਦਾ ਸੁਖਦਾਈ।'

ਆਪਾਂ ਸੁਖ ਸਾਰੇ ਚਾਹੁੰਦੇ ਹਾਂ ਸਮੇਤ ਮੇਰੇ, ਆਪਾਂ ਸਾਰੇ ਸੁਖ ਦੇ ਪਿਛੇ ਭੱਜਦੇ ਹਾ। ਪਰ ਜਿਹੜੀ ਦਵਾਈ ਸਾਨੂੰ ਪੂਰਨ ਵੈਦ ਸਾਡੇ ਸਤਿਗੁਰੂ ਨੇ, ਸਾਨੂੰ ਨਾਮ ਦਿੱਤਾ ਹੈ। ਉਸਤੇ ਵਿਸ਼ਵਾਸ ਕਰਕੇ ਨਾਮ ਜੱਪੀਏ। ਬਾਕੀ ਚਿੰਤਾਵਾਂ ਉਹਨਾਂ ਤੇ ਛੱਡ ਦੇਈਏ। ਕਰਣ-ਕਰਾਉਣ ਵਾਲੇ ਉਹ ਸਤਿਗੁਰੂ ਸੱਚੇਪਾਤਸ਼ਾਹ ਨੇ-

'ਤੂ ਕਰਤਾ ਕਰਣਾ ਮੈ ਨਾਹੀ, ਜਾ ਹਉ ਕਰੀ ਨਾ ਹੋਈ॥'

ਆਪਾਂ ਆਪਣੀਆਂ ਚਿੰਤਾਵਾਂ ਉਹਨਾਂ ਤੇ ਛੱਡ ਕੇ, ਵੈਰ-ਵਿਰੋਧ, ਈਰਖਾ ਛੱਡ ਕੇ, ਬੜੇ ਪਿਆਰ ਨਾਲ ਨਾਮ ਜੱਪੀਏ, ਸੱਚੇ ਪਾਤਸ਼ਾਹ ਕਿਰਪਾ ਕਰਨਗੇ, ਸਾਡਾ ਮਨ ਲੱਗੇ, ਉਹਨਾਂ ਦੇ ਹੁਕਮ ਮੁਤਾਬਿਕ ਅਸੀਂ ਨਾਮ ਜੱੋਪ ਸੱਕੀਏ, ਸਾਨੂੰ ਸੱਚੇ ਪਾਤਸ਼ਾਹ ਦੀਆਂ ਖੁਸ਼ੀਆਂ ਮਿਲਨ- ਮੈਂ ਏਨੀ ਅਰਜ਼ ਕਰਕੇ ਆਗਿਆ ਲੈਂਦਾ ਹਾਂ-

ਸਤਿ ਸ੍ਰੀ ਅਕਾਲ

# ਮੈਂ ਗੁਰਮੁਖੀ

ਮੈਂ ਗੁਰਮੁਖੀ ਆਈ ਗੁਰੂਆਂ ਦੇ ਮੁੱਖ ਚੋਂ,
ਦੁਖੀ ਆਂ ਮੈਂ ਬੜੀ ਪੁੱਤਾਂ, ਬਸ ਇਕੋ ਦੁੱਖ ਤੋਂ,
ਜਾਨ ਕੱਢੀ ਜਾਂਦੇ ਮੇਰੇ ਪੁੱਤ ਮੇਰੇ ਬੁੱਤ ਚੋਂ,
ਬੋਲਦੇ ਨਹੀਂ ਮੇਰੇ ਨਾਲ, ਜੰਮੇ ਮੇਰੀ ਕੁੱਖ ਚੋਂ।
ਗੁਰੂਆਂ ਨੇ ਲਿਖੀ ਗੁਰਬਾਣੀ ਏਸੇ ਬੋਲੀ 'ਚ,
ਤੂੰ ਸੁਣੀ ਮੈਥੋਂ ਲੋਰੀ ਤੇ ਕਹਾਣੀ ਏਸੇ ਬੋਲੀ 'ਚ,
ਝੂਠ ਨਹੀਂ ਕਹਿੰਦੀ ਸੱਚ ਜਾਣੀ ਏਸੇ ਬੋਲੀ 'ਚ,
ਮਹਿਕਦੀ ਸੀ ਮਾਂ ਬੋਲੀ, ਸਦਾ ਮੇਰੇ ਪੁੱਤ ਚੋਂ,...
ਮੈਂ ਗੁਰਮੁਖੀ ਆਈ..............।

ਬੋਲਦੇ ਅੰਗਰੇਜ਼ੀ, ਤੇ ਪੰਜਾਬੀ ਭੁੱਲੀ ਬੈਠੇ ਐ,
ਬਣ ਗਏ ਨਵਾਬੀ ਨੌਕਰ ਭੁੱਲੀ ਬੈਠੇ ਐ,
ਤਖਤਾਂ ਦੇ ਮਾਲਕ ਸੀ, ਪਾ ਕੇ ਕੁੱਲੀ ਬੈਠੇ ਐ,
ਮੈਂ ਸੱਖਣੀ ਨਾ ਚਲੀ ਜਾਵਾਂ, ਭਾਗਾਂ ਭਰੀ ਰੁੱਤ ਚੋਂ,
ਮੈਂ ਗੁਰਮੁਖੀ ਆਈ..............।

ਛੱਡ ਕੇ ਮਾਂ ਬੋਲੀ, ਗੈਰਾਂ ਪਿਛੇ ਭੱਜੀ ਜਾਂਦੇ ਐ,
ਹੀਰੇ ਮੋਤੀ ਰੋਲ ਕੇ, ਕੀ ਕੱਚ ਲੱਭੀ ਜਾਂਦੇ ਐ,
ਹਾਂ ਜੀ, ਦੀ ਥਾਂ ਯ਼ਾ ਯ਼ਾ ਕਹਿਕੇ ਮੈਨੂੰ ਦੱਬੀ ਜਾਂਦੇ ਐ,
ਇੰਝ ਤੇ ਨਾ ਜਾਨ ਕੱਢੋ, ਪੁੱਤੋ ਮੇਰੇ ਬੁੱਤ ਚੋਂ।
ਮੈਂ ਗੁਰਮੁਖੀ ਆਈ..............।

**-ਅਨੂਪ ਸਿੰਘ ਸਰੀ (ਕੈਨੇਡਾ)**

# ਦੋ ਕਬੂਤਰ (ਈਸ਼ਰ ਤੇ ਜੀਵ)

✍-ਸੰਤ ਨਿਧਾਨ ਸਿੰਘ ਜੀ "ਆਲਿਮ"

ਇਕ ਬਿਰਖ ਦਾ ਨਾਉਂ 'ਅਸ਼ੋਕ ਬਿਰਖ' ਸੀ। ਜਿਸ ਤੇ ਦੋ ਕਬੂਤਰ ਰਹਿੰਦੇ ਸਨ। ਇਕ ਕਬੂਤਰ ਦਾ ਨਾਉਂ ਪਾਲਕ ਅਤੇ ਦੂਜੇ ਦਾ ਨਾਉਂ ਬਾਲਕ ਸੀ।।

ਪਾਲਕ ਬੜਾ ਸਤੋ ਗੁਣੀ,ਦਿਆਲੂ ਅਤੇ ਧੀਰਜਵਾਨ ਸੀ,ਪਰ ਬਾਲਕ ਦਾ ਸੁਭਾਉ ਬਾਲਾਂ ਵਤ ਬੜਾ ਚੰਚਲ ਅਰ ਖੇਡਣ ਮੱਲਣ ਵਾਲਾ ਸੀ।

ਇਕ ਦਿਨ ਬਾਲਕ ਨੇ ਸੋਚਿਆ, ਕਿ ਆਲਸੀਆਂ ਵਾਂਗਰ ਘਰ ਵਿਚ ਹੀ ਪਸੱਕੜਾ ਮਾਰ ਕੇ ਬਹਿ ਰਹਿਣਾਂ ਕੋਈ ਅਕਲਮੰਦਾਂ ਦਾ ਕੰਮ ਨਹੀਂ ਹੈ। ਚਾਹੀਦਾ ਹੈ ਕਿ ਕਿਤੇ ਬਾਹਰ ਦੀ ਹਵਾ ਵੀ ਲਈ ਜਾਏ। ਸੈਲ ਮੇਲਾ ਕਰਕੇ ਬਾਹਰ ਦਾ ਲੁਤਫ ਵੀ ਉਠਾਣਾਂ ਚਾਹੀਦਾ ਹੈ।ਮਨ ਵਿਚ ਏਸ ਤਰ੍ਹਾਂ ਦੀਆਂ ਗਿਣਤੀਆਂ ਗਿਣਦਾ ਅਪਣੇ ਸਾਥੀ ਪਾਲਕ ਕੋਲੋਂ ਪੁੱਛਣ ਲੱਗਾ,"ਯਾਰ ਮੇਰੀ ਮਰਜੀ ਬਾਹਰ ਦੀ ਸੈਲ ਕਰਕੇ ਰੰਗ ਬਰੰਗੇ ਜਗਤ ਦਾ ਦਰਸ਼ਨ ਕਰਨ ਦੀ ਹੈ,ਦੱਸ ਤੇਰੀ ਕੀ ਸਲਾਹ ਹੈ?"

ਪਾਲਕ ਨੇ ਕਿਹਾ-"ਕਾਕਾ ਤੂੰ ਅਜੇ ਬੱਚਾ ਹੈਂ।ਬਾਹਰ ਦੇ ਸਫ਼ਰ ਤੇ ਉਸਦੇ ਕਸ਼ਟਾਂ ਤੋਂ ਤੂੰ ਜਾਣੂੰ ਨਹੀਂ ਹੈਂ। ਤੂੰ ਕਦੇ ਘਰੋਂ ਬਾਹਰ ਨਿਕਲਿਆ ਹੋਵੇਂ ਤਾਂ ਤੈਨੂੰ ਪਤਾ ਹੋਵੇ ਕਿ ਬਾਹਰ ਕਿਸ ਤਰ੍ਹਾਂ ਦੇ ਲੋਕਾਂ ਨਾਲ ਵਾਹ ਪੈਂਦਾ ਹੈ, ਅਤੇ ਉਸਦਾ ਫ਼ਲ ਕੀ ਮਿਲਦਾ ਹੈ।ਜੇ ਮੈਨੂੰ ਪੁੱਛਿਆ ਹਈ, ਤਾਂ ਮੈਂ ਤੈਨੂੰ ਏਹੋ ਸਲਾਹ ਦੇਵਾਂਗਾ, ਕਿ ਤੇਰਾ ਘਰੋਂ ਬਾਹਰ ਨਿਕਲਣਾ ਠੀਕ ਨਹੀਂ ਹੈ, ਏਸ ਲਈ ਤੂੰ ਘਰ ਵਿਚ ਹੀ ਮੌਜ ਲੈ।ਵੇਖ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਆਗਿਆ ਵੀ ਏਹੋ ਹੀ ਹੈ,- **"ਥਿਰ ਘਰ ਬੈਸਹੁ ਹਰਿ ਜਨ ਪਿਆਰੇ॥"** ਦਸ ਕੀ ਸਲਾਹ ਹੈ?

ਬਾਲਕ ਦੀ ਨਵੀਂ ਉਮਰ,ਖੰਭਾਂ ਵਿਚ ਜੁਰਕਾ ਤੇ ਸੈਲ ਦਾ ਚਾ, ਭਲਾ ਓਸਨੂੰ ਪਾਲਕ ਦੀ ਸਲਾਹ ਕਿਵੇਂ ਚੰਗੀ ਲਗੇ? ਉੱਤਰ ਦਿੱਤਾ-"ਮਿੱਤ੍ਰ ਪਾਲਕ !ਤੂੰ ਬਜ਼ੁਰਗ ਹੈਂ,ਤੇਰੀ ਅਕਲ ਮੰਦੀ ਦੀ ਮੈਂ ਬਰੋਬਰੀ ਨਹੀਂ ਕਰ ਸਕਦਾ,ਪਰ ਏਹ ਗੱਲ ਆਖ ਦੇਣ ਵਿਚ ਵੀ ਮੈਨੂੰ ਕੋਈ ਝਾਕਾ ਨਹੀਂ,ਕਿ ਜੇ ਕਿਤੇ ਤੈਨੂੰ ਬਾਹਰ ਦੀ ਹਵਾ ਲੱਗ ਜਾਏ, ਤਾਂ ਤੂੰ ਕਦੇ ਵੀ ਮੈਨੂੰ ਅਜਿਹੇ ਭਲੇ ਕੰਮ ਵਲੋਂ ਨਾ ਹਟਕੇਂ।ਮੈ ਮੰਨਦਾ ਹਾਂ ਕਿ ਸਫ਼ਰ ਵਿੱਚ ਕਸ਼ਟ ਬਹੁਤ ਹੁੰਦਾ ਹੈ, ਭੁੱਖ ਤੇਹ ਜ਼ਰਨੀ ਪੈਂਦੀ ਹੈ, ਤੇ ਕਈ ਤਰ੍ਹਾਂ ਦਿਆਂ ਪੰਛੀਆ ਨਾਲ ਵਾਹ ਪੈਂਦਾ ਹੈ,ਪਰ ਮੌਜ ਵੀ ਤਾਂ ਕੋਈ ਘੱਟ ਨਹੀ ਹੁੰਦੀ। ਯਾਰ ਨਵੇਂ ਨਵੇਂ ਥਾਂ,ਨਵੇਂ ਨਵੇਂ ਨਜ਼ਾਰੇ, ਰੰਗ ਬਰੰਗੇ ਪੰਛੀ ਵੰਨ ਸੁਵੰਨੇ ਸ਼ਹਿਰ,ਬਾਗਾਂ ਤੇ ਬਗੀਚਿਆਂ ਦੀ ਲਹਿਰ,ਕਿਤੇ ਨਦੀ ਤੇ ਕਿਤੇ ਨਹਿਰ, ਭਾਂਤ-ਭਾਂਤ ਦੇ ਰੰਗ ਰਾਗ, ਖੁਸ਼ੀਆ ਤੇ ਤਮਾਸ਼ੇ ਵੇਖਕੇ ਭਲਾ ਕੋਈ ਔਖਿਆਈ ਯਾਦ ਰਹਿ ਜਾਂਦੀ ਹੈ।ਹੌਲੀ ਹੌਲੀ ਦੁਖ ਸਹਾਰਨ ਦੀ ਸ਼ਕਤੀ ਵੀ ਪੈਦਾ ਹੋ ਜਾਂਦੀ ਹੈ। ਮੇਰੀ ਜਾਚੇ ਤਾਂ ਬਾਹਰ ਨਿਕਲਨ ਵਿੱਚ ਮੌਜਾਂ ਹੀ ਮੌਜਾਂ ਹੈਨ।ਠੀਕ ਹੈ ਨਾ?"

ਪਾਲਕ, ਆਪਣੇ ਪਿਆਰੇ ਤੇ ਅਣਜਾਣ ਮਿਤ੍ਰ ਬਾਲਕ ਦਾ ਏਹ ਲੰਮਾ ਚੌੜਾ ਵਖਿਯਾਨ ਸੁਣਕੇ ਬੋਲਿਆ- "ਬਲਿਕਾ ਜੇਹਾ ਸਖ ਛੱਜੂ ਦੇ ਚੁਬਾਰੇ,ਤੇਹਾ ਬਲਖ ਨਾ ਬਖਾਰੇ।

ਗੱਲਾਂ ਤਾਂ ਤੇਰੀਆ ਨੇ ਸੋਹਣੀਆਂ, ਤੇ ਤੈਨੂੰ ਸਬਜ਼ ਬਾਗ ਵੀ ਬੜੇ ਸੁਹਾਵਣੇ ਪ੍ਰਤੀਤ ਹੁੰਦੇ ਨੇ,ਪਰ ਆਖੇ ਲੱਗ ਤੇ ਦੜ ਵੱਟ ਜ਼ਿੰਦਗੀ ਕੱਟ। ਸਫ਼ਰ ਤੇ ਸੈਲੇ ਦਾ ਮੈਂ ਵਿਰੋਧੀ ਨਹੀਂ ਹਾਂ, ਪਰ ਸੈਰ ਦਾ ਅਨੰਦ ਵੀ ਚਹੁੰ ਬੇਲੀਆ ਨਾਲ ਹੀ ਆਉਂਦਾ ਹੈ।ਦੱਸ! ਜੇ ਕਿਤੇ ਕੋਈ ਰੰਗ ਤਮਾਸ਼ਾ ਵੇਖ ਵੀ ਲਿਆ,ਤਾਂ ਕੱਲੇ ਨੂੰ ਓਸਦਾ ਕੀ ਸਵਾਦ? ਰੱਬ ਨਾ ਕਰੇ ਜੇ ਕਿਤੇ ਪੈ ਜਾਏ ਬਿਪਤਾ,ਤਾਂ ਕੱਲੇ ਦਾ ਪ੍ਰਦੇਸ ਵਿਚ ਕਿਹੜਾ ਵਾਹਰੂ ਤੇ ਕਿਹੜਾ ਮਦਤੀ? ਚੋਰਾਂ ਦਾ ਖੌਫ਼, ਡਾਕੂਆਂ ਦਾ ਡਰ, ਜੰਗਲੀ ਪਸ਼ੂਆਂ ਦਾ ਖਤਰਾ, ਠੱਗਾਂ ਦਾ ਭੈਅ ਹਰ ਸਮੇਂ ਸਿਰ ਤੇ ਸਵਾਰ ਰਹਿੰਦਾ ਏ। ਸੌ ਹੱਥ ਰੱਸਾ ਤੇ ਸਿਰ ਤੇ ਗੰਢ,ਪਿਆਰੇ ਬਾਲਕ ਪ੍ਰਦੇਸ ਜਾਣ ਦਾ ਨਾਮ ਨਾ ਲੈ।ਏਹ ਭੂਤ ਜਿਹੜਾ ਤੇਰੇ ਸਿਰ ਤੇ ਪਿਆ ਕੂਕਦਾ ਹੈ, ਏਸ ਨੂੰ ਸੁਟ ਖੂਹ ਵਿਚ ਅਪਣੇ ਘਰ ਰਹੁ, ਰਾਮ ਰਾਮ ਕਹੁ ਤੇ ਸਦਾ ਸੁਖੀ ਰਹੁ-ਹਈ ਮਨਜੂਰ?" ਪਾਲਕ ਭਾਵੇਂ ਏਨ੍ਹਾ ਖਪਿਆ ਪਰ **"ਅੰਧੇ ਏਕ ਨ ਲਾਗਈ ਜਿਉ ਬਾਂਸ ਬਜਾਈਐ ਫੂਕ"**ਵਾਲੀ ਵਾਰਤਾ ਹੀ ਹੋਈ ਸਗੋਂ ਬਖੇੜੇ ਦੀ ਸ਼ਕਲ ਵਿਚ ਬਾਲਕ ਕਹਿਣ ਲਗਾ-"ਵਾਹ ਭਈ ਵਾਹ! ਸੱਜਣਾ ਤੂੰ ਏਹ ਤਾਂ ਸੋਚ,ਕਿ ਜਦੋਂ ਕੋਈ ਘਰੋਂ ਨਿਕਲ ਪਵੇ ਤਾਂ ਸੱਜਣਾ ਮਿਤ੍ਰਾਂ ਦੀ ਭਲਾ ਕੋਈ ਪ੍ਰਵਾਹ ਰਹਿ ਜਾਂਦੀ ਏ? ਪਾਲਕਾ! ਹੈਂ ਤਾਂ ਬਜ਼ੁਰਗ ਪਰ ਤੂੰ ਏਸ ਬਾਰੇ ਮੇਰੀ ਜਾਚੇ ਅਨਜਾਣ ਜਿਹਾ ਹੀ ਨਜ਼ਰ ਆਉਂਦਾ ਹੈਂ। ਏਸ ਲਈ ਮੇਰੀ ਮਰਜੀ ਏ ਕਿ ਤੂੰ ਅਪਣੇ ਉਪਦੇਸ਼ ਦੇ ਪੋਤੇ ਨੂੰ ਸੰਤੋਖ ਕੇ ਹੀ ਰੱਖ ਭਲਾ ਤਾਂ ਸਹੀ,ਕਿ ਬਾਹਰ ਜਾਣ ਨਾਲ ਸੱਜਣਾਂ ਮਿਤ੍ਰਾਂ ਦਾ ਘਾਟਾ ਰਹਿ ਜਾਂਦਾ ਹੈ? ਵੰਨ ਸੁਵੰਨੇ ਸੱਜਣ ਰੰਗ ਬਰੰਗੇ ਮਿਤ੍ਰ। ਪਰ ਹਾਂ ਤੂੰ ਵੱਡਾ ਹੈ, ਤੇ ਬਜ਼ੁਰਗ ਹੈਂ, ਮੇਰੇ ਤੇ ਕੋਈ ਗੁੱਸਾ ਸੁੱਸਾ ਨ ਕਰੀਂ ਭਾਈਆ! ਤੇਥੋਂ ਡਰ ਵੀ ਆਉਂਦਾ ਹੈ, ਮਤਾਂ ਆਖੇ ਕਿ ਮਰੀ ਆਖੀ ਸੁ ਮੰਨੀ ਲੈ!

ਨਾਮ ਜਪਣਾ ਤੇ ਰਾਜੀ ਰਾਜੀ ਰਹਿਣਾ,

ਓ ਨਾਮ ਜਪਣਾ,
ਨਾਮ ਜਪਣਾ ਤੇ ਰਾਜੀ ਰਾਜੀ ਰਹਿਣਾ,
ਸੰਗਤਾ ਤੁਰ ਚਲੀਆ ਵੀਰ ਜੀ! ਵੀਰ ਜੀ!
ਕਿ ਸੰਗਤਾ ਤੁਰ ਚਲੀਆ.... ਨਾਮ ਜਪਣਾ....॥

**(2)**

ਬਾਲਕ ਉਤਲਾ ਗੀਤ ਗਾਉਂਦਾ ਗਾਉਂਦਾ ਇੱਕ ਦਮ ਉੱਡਿਆ। ਨਾ ਦਿਨ ਪੁੱਛਿਆ ਨਾ ਮਹੂਰਤ ਔਹ ਗਿਆ,ਔਹ ਗਿਆ। ਝੱਟ ਨਜ਼ਰੋਂ ਗ਼ੈਬ ਹੋ ਗਿਆ। ਸਾਰਾ ਦਿਨ ਉੱਡਦਾ ਗਿਆ। ਛੇਕੜ ਸੂਰਜ ਭਗਵਾਨ ਨੇ ਆਪਣੀ ਮਾਤਾ "ਰਾਤ" ਦੇ ਕਾਲੇ -ਪਰ ਹੀਰੇ ਤੇ ਮੋਤੀਆਂ ਨਾਲ ਜਗਮਗਾਂਦੇ ਹੋਏ ਦੁਪੱਟੇ ਵਿੱਚ ਅਪਣੇ ਮੁੱਖੜੇ ਨੂੰ ਢੱਕ ਲਿਆ ਤੇ ਸਾਰੇ ਦਿਨ ਦਾ ਥਕੇਵਾਂ ਲਾਹੁਣ ਵਾਸਤੇ ਸੁੱਖ ਦੀ ਨੀਂਦੇ ਸੌਂ ਗਿਆ। ਬਾਲਕ ਨੇ ਵੀ ਇਕ ਸੁੰਦਰ ਬਗੀਚੇ ਵਿੱਚ ਇੱਕ ਸੰਘਣੇ ਰੁੱਖ ਤੇ ਡੇਰਾ ਜਮਾ ਲਿਆ। ਅਜੇ ਬਾਲਕ ਦੀ ਅੱਖ ਵੀ ਨਾ ਲੱਗੀ, ਕਿ ਬੰਨਿਓਂ ਏਨੀ ਹਨ੍ਹੇਰੀ ਆਈ ਕਿ ਅੱਖ ਦੇ ਫੋਰੇ ਵਿਚ ਹਨ੍ਹੇਰਾ ਹੀ ਹਨ੍ਹੇਰਾ ਪਸਰ ਗਿਆ। ਅਕਾਸ਼ ਤੇ ਇਕ ਦਮ ਕੜ-ਕੜ ਕੜ-ਕੜ ਗੜ-ਗੜ ਗੜ-ਗੜ ਹੋਣ ਲੱਗ ਪਈ। ਕਾਲੇ ਕਾਲੇ ਬੱਦਲਾਂ ਦੀਆਂ ਬੁੱਕਲਾਂ ਵਿੱਚੋਂ ਬੀਬੀ ਬਿਜਲੀ ਨਿਕਲਦੀ ਹੈ ਅਤੇ ਅਪਣੀ ਨਿਰਾਲੀ ਚਮਕ ਦਮਕ ਦਿਖਾਂਦੀ ਹੋਈ ਸਾਰੇ ਜਗਤ ਨੂੰ ਅੱਖ ਝਮੱਕੇ ਮਾਰਕੇ ਫੇਰ ਲੁਕ ਜਾਂਦੀ ਹੈ। ਕਿਣ-ਮਿਣ ਕਿਣ-ਮਿਣ ਵੀ ਹੋਣ ਲੱਗ ਪਈ, ਪਹਿਲੋਂ ਤਾਂ ਹਨ੍ਹੇਰੀ ਦੇ ਘੱਟੇ ਨਾਲ ਹੀ ਬਾਲਕ ਬੌਂਦਲ ਗਿਆ, ਪਰ ਬਿਜਲੀ ਦੇ ਅੱਖ ਝਮੱਕਿਆਂ ਨੇ-ਅਤੇ ਕੜ ਕੜ ਕੜ ਦੇ ਤਰਾਨਿਆਂ ਵਿੱਚ ਉਸਦੇ (ਭਿਆਨਕ) ਰਾਗ ਨਾਲ ਹੀ ਗੜਿਆ ਦੀ ਗੜ ਗੜ ਨੇ ਤਾਂ ਬਾਲਕ ਨੂੰ ਨਾਨੀ ਯਾਦ ਕਰਾ ਦਿੱਤੀ। ਬਥੇਰਾ ਗੁੱਛਾ-ਮੁੱਛਾ ਹੋਵੇ, ਪੱਤਿਆ ਵਿੱਚ ਲੁਕੇ, ਪਰ ਏਥੇ ਪ੍ਰਦੇਸ ਅਰ ਜੰਗਲ ਵਿੱਚ ਕੋਈ ਮਾਸੀ ਦਾ ਘਰ ਤਾਂ ਨਹੀਂ ਸੀ ਨਾ। ਕਦੇ ਪੱਤਿਆਂ ਦੇ ਹੇਠਾਂ ਵੜਨਾ ਚਾਹੇ ਕਦੇ ਟਾਹਣੀਆਂ ਦਾ ਓਹਲਾ ਤੱਕੇ, ਕਦੇ ਜੜ੍ਹਾਂ ਵਿੱਚ ਸੰਗੜੇ ਗੱਲ ਕੀ, ਜੀ ਭਿਆਣੇ ਨੇ ਡਾਢੇ ਤਰਲਿਆਂ ਨਾਲ ਰਾਤ ਕੱਟੀ। ਪਾਲਕ ਦਾ ਉਪਦੇਸ਼ ਤਾਂ ਹਨ੍ਹੇਰੀ ਆਉਂਦੇ ਸਾਰ ਹੀ ਯਾਦ ਆ ਗਿਆ ਸੀ, ਪਰ ਚਿੱਤ ਵਿੱਚ ਆਇਆ ਕਿ ਜੇ ਸਵੇਰ ਤੱਕ ਬਚ ਰਹੇ ਤਾਂ ਪਿਛਾਂਹ ਪਰਤ ਚੱਲਾਂਗੇ-ਸੱਚੀਂ ਮੁੱਚੀਂ ਘਰ ਵਰਗਾ ਸੁੱਖ ਤਾਂ ਕਿਤੇ ਵੀ ਨਹੀਂ।।ਦਿਨ ਚੜ੍ਹਿਆ ਤਾਂ ਆਕਾਸ਼ ਨਿੱਤਰਿਆ ਹੋਇਆ ਤੇ ਧੁੱਪ ਨਿਕਲੀ ਹੋਈ ਵੇਖ ਕੇ ਪਿੱਛੇ ਮੁੜਨ ਦਾ ਖਿਆਲ ਬਦਲ ਗਿਆ ਤੇ ਹੈ ਵੀ ਠੀਕ ਕਿਉਂਕਿ ਪਿਛਾਂਹ ਮੁੜਨਾ ਕੋਈ ਸੂਰਬੀਰਾਂ ਦਾ ਕੰਮ ਤਾਂ ਨਹੀਂ ਨਾ। ਭਾਵੇਂ ਉਲਟੇ ਬੰਨੇ ਵੱਲ। ਪਰ ਬਾਲਕ ਨੇ ਏਸ ਤੁੱਕ ਤੇ ਅਮਲ ਕਰਨ ਦਾ ਫੈਸਲਾ ਕੀਤਾ ਕਿ **ਪਾਛੈ ਪਾਉ ਨਾ ਦੀਜੀਐ ਆਗੈ ਹੋਇ ਸੁ ਹੋਇ।** ਅਜਿਹਾ ਨਾ ਕਰਨ ਵਿਚ ਸ੍ਰੀ ਮਤੀ ਸ਼ਰਮ ਦੇਵੀ ਦੇ ਮੋਹਣਿਆਂ ਦਾ ਵੀ ਤਾਂ ਡਰ ਸੀ ਨਾ। ਏਸ ਵਾਸਤੇ ਬਾਲਕ ਫੇਰ ਅੱਗੇ ਨੂੰ ਉੱਡਿਆ॥

**(3)**

ਅਜੇ ਬਹੁਤੀ ਦੂਰ ਨਹੀਂ ਸੀ ਗਿਆ, ਕਿ ਇੱਕ ਬਾਜ ਨੇ ਆਣ ਦਰਸ਼ਨ ਦਿੱਤੇ। ਬਾਜ ਅਜੇ ਬਾਲਕ ਨੂੰ ਝਪਟਣ ਲੱਗਾ ਸੀ ਕਿ ਇਕ ਬੰਨਿਓਂ ਸ੍ਰੀ ਮਤੀ ਗਿਰਜ ਰਾਣੀ ਜੀ ਆ ਧਮਕੇ। ਬਾਜ ਤੇ ਗਿਰਝ ਦੀਆਂ ਦੋ-ਦੋ ਝੜਪਾਂ ਹੋਈਆਂ, ਏਨੇ ਵਿੱਚ ਬਾਲਕ ਦਾ ਦਾਅ ਲੱਗ ਗਿਆ, ਤੇ ਉਸਨੇ ਇੱਕ ਪੱਥਰ ਦੇ ਓਹਲੇ ਆਪਣੇ ਸਰੀਰ ਨੂੰ ਲਕੋ ਲਿਆ। ਡਰਦਾ ਮਾਰਾ ਤਕਾਲਾਂ ਤੱਕ ਓਥੇ ਹੀ ਸਹਿਮ ਕਿ ਦੜਿਆ ਰਿਹਾ। ਰਾਤ ਵੀ ਵਿਚਾਰੇ ਨੂੰ ਉੱਗੂ ਦੇ ਚੱਕ ਹੀ ਕੱਟਣੀ ਪਈ। ਦਿਨ ਦਾ ਬਾਦਸ਼ਾਹ (ਸੂਰਜ ਭਗਵਾਨ) ਅਪਣੇ ਸਿੰਘਾਸਣ (ਅਕਾਸ਼ ਮੰਡਲ) ਤੇ ਡਟ ਗਿਆ। ਬਾਲਕ ਨੇ ਵੀ ਖੰਬ ਛੰਬ ਛੰਡ, ਐਧਰ ਔਧਰ ਤੱਕਿਆ, ਤੇ ਅੱਗੇ ਦਾ ਰਾਹ ਲਿਆ। ਰਾਹ ਵਿੱਚ ਵੇਖਿਆ ਕਿ ਜ਼ਮੀਨ 'ਤੇ ਇੱਕ ਕਬੂਤਰ ਹੈ ਜੋ ਦਾਣੇ ਚੁਗ ਰਿਹਾ ਹੈ। ਬਾਲਕ ਨੂੰ ਵੀ ਭੁੱਖ ਸਤਾ ਰਹੀ ਸੀ। ਭਲਾ ਦਾਣਿਆ ਨੂੰ ਵੇਖਕੇ ਕਿਵੇਂ ਧੀਰਜ ਧਰ ਸਕਦਾ ਸੀ। ਝੱਟ ਮੂੰਹ ਵਿੱਚੋਂ ਲਾਰਾਂ ਡਿੱਗੀਆਂ ਤੇ ਆਕਾਸ਼ ਤੋਂ ਉੱਤਰਿਆ। ਉਸ ਕਬੂਤਰ ਕੋਲ ਆ ਕੇ ਜੰਮੂ ਪੈਰ ਧਰਤੀ ਤੇ ਲਾਏ, ਤੇ ਚੁੰਝ ਨਾਲ ਚੁਗੇ ਦਾਣੇ, ਝੱਟ ਜਾਲ ਵਿਚ ਫੱਸ ਗਿਆ। ਬਥੇਰਾ ਤੜਫਿਆ, ਉੱਡਣ ਨੂੰ ਜ਼ੋਰ ਲਾਇਆ, ਪਰ ਵਿਅਰਥ ਗਿਆ। ਕਲਪ ਕਲਪ ਕੇ ਓਸ ਪਹਿਲੇ ਕਬੂਤਰ ਨੂੰ ਆਖਣ ਲੱਗਾ-ਕਿ ਭਾਈ! ਤੂੰ ਤਾਂ ਮੇਰਾ ਜ਼ਾਤੀ ਭਰਾ ਸੈਂ, ਤੂੰ ਮੈਨੂੰ ਏਸ ਜਾਲ ਦਾ ਹਾਲ ਕਿਉਂ ਨਾ ਦੱਸਿਆ? ਪਹਿਲੇ ਕਬੂਤਰ ਨੇ ਕਿਹਾ ਬਹੁਤੀ ਅਬੇ-ਤਬੇ ਕਰਨ ਦੀ ਜ਼ਰੂਰਤ ਨਹੀਂ ਹੈਂ, ਭਲਾ ਦੱਸ ਖਾਂ ਕਦੇ ਤਕਦੀਰ ਵੀ ਮੁੜਦੀ ਏ? ਵਾਰਸ ਦਾ ਉਪਦੇਸ਼ ਯਾਦ ਕਰ-**"ਪੰਖੀ ਮਿਰਗ ਫਾਹੀ ਵਿਚ ਆਣ ਫਾਥੇ ਖਬਰ ਨਹੀਂ ਤਕਦੀਰ ਦੇ ਝੱਟ ਦੀ ਵੇ॥ "**ਸਬਰ ਕਰ ਸਬਰ ਕਰ ਅਤੇ ਅਪਣੀ ਕਰਨੀ ਦਾ ਫ਼ਲ ਜ਼ਰ, ਤੇ ਐਵੇਂ ਬੁੜ-ਬੁੜ ਨਾਂ ਕਰ। ਬਾਲਕ ਨੇ ਕਿਹਾ ਆਖਿਰ ਕੋਈ ਛੁਟਕਾਰੇ ਦਾ ਉਪਾ ਤਾਂ ਦੱਸ। ਪਹਿਲੇ ਕਬੂਤਰ ਨੇ ਕਿਹਾ- "ਭਾਈ ਸੱਜਣਾਂ! ਇਕ ਊਠਣੀ ਤੁਰੀ ਜਾਂਦੀ ਸੀ, ਜਿਸ ਦਾ ਛੋਟਾ ਜਿਹਾ ਬੱਚਾ ਵੀ ਉਸਦੇ ਪਿੱਛੇ ਪਿੱਛੇ ਜਾ ਰਿਹਾ ਸੀ। ਬੱਚੇ ਨੇ ਥੱਕ ਕੇ ਮਾਂ ਨੂੰ ਆਖਿਆ "ਮਾਂ ਮੈ ਸਾਹ ਲੈਣਾ ਹੈ, ਜਰਾ ਕੁ ਖਲੋ ਜਾ" ਆਖਿਆ ਮਾਂ ਨੇ ਬੱਚੇ ਦੀ ਬੋਲੀ ਗੱਲ ਸੁਣ ਕੇ ਕਿਹਾ ਬੇਟਾ ਤੂੰ ਵੇਖਦਾ ਨਹੀਂ, ਕਿ ਮੇਰੀ ਨਕੇਲ ਬਗਾਨੇ ਹੱਥਾਂ ਵਿੱਚ ਹੈ, ਤੂੰ ਦੱਸ ਜੇ ਮੇਰੀ ਨਕੇਲ ਦੂਜੇ ਦੇ ਹਥ ਵਿੱਚ ਨਾ ਹੁੰਦੀ ਤਾਂ ਮੈਂ ਆਪ ਹੀ ਏਸ ਪੈਂਡੇ ਦੀ ਬਿਪਤਾ ਵਿੱਚ ਕਿਉਂ ਫੱਸਦੀ? ਸੋ ਬਾਲਕਾ ਤੂਹੋਂ ਦੱਸ! ਜੇ ਮੈਨੂੰ ਨਿਕਲ ਜਾਣ ਦਾ ਕੋਈ ਵੱਲ ਆਉਂਦਾ ਹੁੰਦਾ ਤਾਂ ਆਪ ਹੁਣ ਤੱਕ ਇਸ ਜਾਲ ਵਿਚ ਕਿਉਂ

ਫੱਸਿਆ ਰਹਿੰਦਾ।

**(4)**

ਆਕਾਸ਼ ਵਿਚ ਕੋਈ ਹੋਰ ਪੰਛੀ ਉੱਡਿਆ ਜਾ ਰਿਹਾ ਸੀ। ਬਾਲਕ ਨੇ ਉਸ (ਆਜ਼ਾਦ ਪੰਛੀ) ਅੱਗੇ ਪੁਕਾਰ ਕੀਤੀ, ਵਾਸਤਾ ਪਾਇਆ ਅਤੇ ਤਰਲਾ ਮਾਰਿਆ। ਉੱਡਦੇ ਜਾਂਦੇ ਪੰਛੀ ਦੇ ਦਿਲ ਵਿੱਚ ਬਾਲਕ ਦੀ ਦਸ਼ਾ 'ਤੇ ਤਰਸ ਆਇਆ, ਤਾਂ ਉਸ ਨੇ ਕਿਹਾ ਕਿ ਜੇ ਤੂੰ ਏਸ ਬੰਧਨ ਤੋਂ ਛੁਟਕਾਰਾ ਲੋੜਦਾ ਹੈਂ ਤਾਂ ਸਾਰਾ ਜ਼ੋਰ ਲਾ ਕੇ ਤੜਫ ਤੇ ਪਾਲਕ ਨੂੰ ਯਾਦ ਕਰ। ਏਥੋਂ ਤੱਕ ਕਿ ਤੇਰਾ ਦਮ ਨੱਕ ਵਿੱਚ ਆ ਜਾਏ, ਬਾਲਕ ਏਹ ਉਪਦੇਸ਼ ਸੁਣ ਕੇ ਖੂਬ ਤੜਫਿਆ ਅਤੇ ਨਾਲ ਹੀ ਪਾਲਕ ਤੇ ਉਸਦੇ ਪਵਿੱਤਰ ਅਰ ਅਮੋਲਕ ਉਪਦੇਸ਼ ਦਾ ਚਿੰਤਨ ਕੀਤਾ। ਤੜਫਦਾ-ਤੜਫਦਾ ਹਫ਼ ਗਿਆ। ਥੋੜੇ ਹੀ ਦਮ ਬਾਕੀ ਸਨ, ਕਿ ਜਾਲ ਦਾ ਡੋਰਾ ਟੁੱਟ ਗਿਆ ਤੇ ਬਾਲਕ ਫੁਰਰ੍ ਕਰਕੇ ਪੱਤ੍ਰਾ ਵਾਚਿਆ। ਹੁਣ ਉਸ ਨੇ ਆਪਣੇ ਘਰ ਵੱਲ ਮੂੰਹ ਵਾਚਿਆ। ਰਸਤੇ ਵਿੱਚ ਸਾਹ ਲੈਣ ਵਾਸਤੇ ਇੱਕ ਖੇਤ ਦੀ ਵੱਟ 'ਤੇ ਬਹਿ ਗਿਆ। ਖੇਤ ਦਾ ਰਾਖਾ ਅਪਣੇ ਫਸਲ ਦੀ ਰਾਖੀ ਵਾਸਤੇ ਘੁਮਾਣੀ (ਗੋਪੀਆ) ਘੁਮਾਕੇ ਢੀਂਡੇ ਚਲਾ ਰਿਹਾ ਸੀ। ਤੱਦੇ ਖਵਰ ਕਿ ਇੱਕ ਢੀਂਡਾ ਫੜ੍ਹਾ ਕਰਕੇ ਬਾਲਕ ਦੇ ਸਿਰ ਵਿੱਚ ਲੱਗਾ। ਬਾਲਕ ਘਾਇਲ ਹੋ ਕੇ ਇੱਕ ਖਡੱਲ (ਸੁੱਕੇ ਹੋਏ ਤੇ ਢੱਠੇ ਹੋਏ ਖੂਹ) ਵਿੱਚ ਮੂਧੇ ਮੂੰਹ ਡਿੱਗ ਪਿਆ। ਇੱਕ ਦਿਨ ਤੇ ਇੱਕ ਰਾਤ ਭੁੱਖਾ ਤਿਹਾਇਆ, ਓਥੇ ਹੀ ਪਿਆ ਰਿਹਾ। ਏਨੇ ਚਿਰ ਨੂੰ ਵਿਸਮਿਆ ਅਤੇ ਕੁਝ ਹੋਸ਼ ਆ ਵੀ ਗਈ ਹੌਲੀ-ਹੌਲੀ ਉੱਡਿਆ ਤੇ ਆਪਣੇ ਆਹਲਣੇ ਤੇ ਪੁੱਜਾ। ਪਾਲਕ ਦੇ ਗਲ ਨਾਲ ਲੱਗ ਕੇ ਮਿਲਿਆ ਪਰ ਢਾਈਂ ਮਾਰ-ਮਾਰ ਕੇ। ਪਾਲਕ ਨੇ ਪੁੱਛਿਆ- "ਸੁਣਾ ਕਾਕਾ ਸੰਸਾਰ ਦੀ ਯਾਤ੍ਰਾ ਦਾ ਬ੍ਰਿਤਾਂਤ! ਕਹੀ ਕੁ ਬੀਤੀ?" ਬਾਲਕ ਭੁਬਾਂ ਮਾਰ ਕੇ ਰੋਇਆ ਤੇ ਕਿਹਾ- "ਸ੍ਰੀ ਪਾਲਕ ਜੀ! ਮੈਂ ਬੜਾ ਮੂਰਖਪੁਣਾਂ ਕੀਤਾ, ਕਿ ਆਪਦੇ ਕਹੇ ਨਾ ਲੱਗਿਆ। ਸੱਚ ਆਖਦੇ ਨੇ ਸਿਆਣੇ ਦੇ ਆਖੇ ਦਾ ਤੇ ਔਲਾ ਖਾਧੇ ਦਾ ਸਵਾਦ ਪਿੱਛੋਂ ਆਉਂਦਾ ਹੈ। ਮਹਾਰਾਜ! ਜਿਹੜੀ ਮੇਰੇ ਨਾਲ ਬੀਤੀ ਹੈ, ਕੋਈ ਦੱਸਣ ਵਾਲੀ ਗੱਲ ਨਹੀਂ ਹੈ। ਸ੍ਰੀ ਮਾਨ ਜੀ! ਆਪ ਜੀ ਦੇ ਉਪਦੇਸ਼ ਦਾ ਅੱਖਰ-ਅੱਖਰ ਸੱਚ ਨਿਕਲਿਆ, ਪਰ ਕਿਸੇ ਨੇ ਠੀਕ ਕਿਹਾ ਹੈ, ਕਿ- **"ਅਕਲ ਆਤੀ ਹੈ ਮਰਦ ਕੇ ਠੋਕਰੇ ਖਾਣੇ ਕੇ ਬਾਦ"** ਬਜ਼ੁਰਗਾ ਧੰਨ ਹੈ ਤੂੰ। ਜਿਸ ਨੂੰ ਅਗੰਮ ਦੀਆਂ ਖ਼ਬਰਾਂ ਵੀ ਯਾਦ ਨੇ ਬਾਬਾ ਤੈਨੂੰ ਨਿਮਸ਼ਕਾਰ ਨਿਮਸ਼ਕਾਰ।" ਪਾਲਕ ਨੇ ਆਪਣੇ ਪੈਰਾਂ ਤੋਂ ਬਾਲਕ ਦਾ ਸਿਰ ਉਠਾ ਕੇ ਉਸਨੂੰ ਗਲ ਨਾਲ ਲਾਇਆ। ਸਿਰ ਮੂੰਹ ਚੁੰਮਿਆ ਤੇ ਕਿਹਾ ਕਿ- "ਓਹ ਵੀ ਘੁਸਾ ਨਾ ਜਾਣੀਏ ਜੇ ਮੁੜ ਘਰ ਆਵੇ॥" ਬਾਲਕ ਨੇ ਕਿਹਾ ਬਾਪੂ! ਹੁਣ ਮੈਂ ਕਦੇ ਪ੍ਰਦੇਸ ਨਹੀਂ ਜਾਵਾਂਗਾ ਤੇ ਆਪ ਜੀ ਦੇ ਹੀ ਚਰਨ ਕਮਲਾਂ ਵਿੱਚ ਰਹਿ ਕੇ ਸਮਾਂ ਬਿਤਾਵਾਂਗਾ। ਪਿਛਲੀ ਭੁੱਲ ਮਾਫ਼ ਕਰ - **"ਪਿਛਲੇ ਅਉਗੁਣ ਬਖਸਿ ਲਏ ਪ੍ਰਭੁ ਆਗੈ ਮਾਰਗਿ ਪਾਵੈ॥"**

**ਕਥਾ ਦਾ ਵਿਚਾਰ**

**(5)**

ਅਸ਼ੋਕ ਬਿਰਖ: 'ਬ੍ਰਹਮ' ਹੈ। ਪਾਲਕ ਈਸ਼ਵਰ ਤੇ ਬਾਲਕ ਜੀਵ ਹੈ। ਈਸ਼ਰ ਅਪਣੇ ਸਰੂਪ ਤੇ ਬ੍ਰਹਮ ਦੇ ਪ੍ਰਭਾਵ ਵਿਖੇ ਇਸਥਤ ਹੈ। ਏਸ ਲਈ ਉਹ ਦੁੱਖਾਂ ਅਤੇ ਕਲੇਸ਼ਾਂ ਤੋਂ ਰਹਿਤ ਹੈ। ਜੀਵ ਸਵੈ ਸਰੂਪ ਨੂੰ ਭੁੱਲ ਕੇ ਅਪਣੀਆ ਬਿਰਤੀਆ ਦਾ ਮੂੰਹ ਸੰਸਾਰ ਤਰਫ਼ ਮੋੜਨਾ ਤੇ ਅਸ਼ੋਕ ਬਿਰਖ (ਬ੍ਰਹਮ) ਅਤੇ ਈਸ਼ਵਰ (ਜੇਹੇ ਪਰਮ ਮਿਤ੍ਰ) ਨੂੰ ਤਿਆਗ ਦੇਣਾ ਤੇ ਪ੍ਰਦੇਸ ਗਮਨ ਕਰਨਾਂ ਹੈ। ਅਰਥਾਤ ਜੀਵ ਸਰਬ ਸੁਖਾਂ ਦੇ ਸਾਗਰ ਬ੍ਰਹਮ ਰੂਪ ਆਤਮਾ ਵਿਚੋਂ ਅਨੰਦ ਦੀ ਭਾਵਨਾ ਨੂੰ ਉਠਾਕੇ ਉਸਦਾ ਕੇਂਦਰ ਬਾਹਰੀ ਜਗਤ ਦੇ ਭੋਗਾਂ ਨੂੰ ਮੰਨ ਬੈਠਦਾ ਹੈ। ਉਸ ਨੂੰ ਇਹ ਗੱਲ ਵਿਸਰ ਜਾਂਦੀ ਹੈ ਕਿ ਲੋਕ ਅਤੇ ਪ੍ਰਲੋਕ ਦੇ ਕ੍ਰੋੜਾਂ ਭੋਗਾਂ ਦਾ ਸੋਮਾ ਤਾਂ ਬ੍ਰਹਮਾਨੰਦ ਹੈ, ਜੋ ਕਿ ਮੇਰੇ ਅਪਣੇ ਆਪਦੇ ਵਿੱਚ ਇਸਥਿਤ ਹੈ। ਸ਼ਾਸਤ੍ਰਾ ਅਤੇ ਗੁਰਬਾਣੀਆ ਦਾ ਉਪਦੇਸ਼ ਪਾਲਕ ਰੂਪ ਈਸ਼ਵਰ ਦਾ ਉਪਦੇਸ਼ ਹੈ,ਜਿਸਨੂੰ ਕਿ ਜੀਵ ਬਾਲ ਚੰਚਲਤਾ ਦੇ ਕਾਰਣ ਸੁਣਦਾ ਹੀ ਨਹੀਂ, ਝੱਟ ਪੱਟ ਬਾਹਰ ਉੱਡ ਜਾਂਦਾ ਅਤੇ ਪ੍ਰਕਿਰਤੀ ਰੂਪ ਅਕਾਸ਼ ਵਿੱਚ ਬੇਤਹਾਸ਼ਾ ਹੋਕੇ ਉੱਡਦਾ ਹੈ, ਜਿਸ ਦਾ ਕਾਰਨ ਜਨਮ-ਜਨਮਾਂਤਾਰਾਂ ਦੀ ਵਾਸ਼ਨਾ ਰੂਪ ਮਲ ਹੈ- **" ਜਨਮ ਜਨਮ ਕੀ ਇਸ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ॥ "**

ਨਾਨਾ ਪ੍ਰਕਾਰ ਦੇ ਭੋਗ ਬਿਲਾਸਾਂ ਦੀ ਸਮੱਗਰੀ ਰੰਗ ਬਰੰਗੇ ਤੇ ਦਿਲਕਸ਼ ਬਗੀਚੇ ਹਨ। ਬਿਰਖ ਤੇ ਬਿਸ੍ਰਾਮ ਕਰਨਾਂ ਕਿਸੇ ਰੂਪਵਾਨ ਪਦਾਰਥ ਤੇ ਮੋਹਿਤ ਹੋ ਜਾਣਾਂ ਹੈ। ਹਨ੍ਹੇਰੀ-ਯੁਵਾ ਅਵਸਥਾ ਦੀ ਜਿਸ ਵੇਲੇ ਵਗਦੀ ਹੈ। ਹਨ੍ਹੇਰ ਘੁੱਪ ਘੇਰ ਹੋ ਜਾਂਦਾ ਹੈ ਤੇ ਜੀਵ ਰੂਪ ਬਾਲਕ ਦੀ ਸੁਰਤ ਬਦਲ ਜਾਂਦੀ ਹੈ। ਗੁਰੂ ਜਨਾਂ ਦਾ ਉਪਦੇਸ਼ ਰੂਪ ਪ੍ਰਕਾਸ਼ ਉਸ ਦੀ ਗਰਦ ਹੇਠ ਲੁਕ ਜਾਂਦਾ ਹੈ। ਉਸ ਹਨ੍ਹੇਰ ਵਿੱਚ ਕਾਮ ਰੂਪ ਬੱਦਲ ਗਰਜਦਾ ਅਤੇ ਕ੍ਰੋਧ ਰੂਪ ਬਿਜਲੀ ਕੜਕਦੀ ਹੈ। ਸ਼ਬਦ, ਸਪਰਸ਼, ਰੂਪ, ਰਸ ਗੰਧ ਦੀ ਕਿਣ-ਮਿਣ ਕਿਣ-ਮਿਣ ਲੱਗ ਜਾਂਦੀ ਹੈ ਅਤੇ ਭਾਂਤ ਭਾਂਤ ਦੇ ਪਾਪਾਂ ਤੇ ਉਤਪਾਤਾਂ 'ਤੇ ਗੜੇ ਵਸਦੇ ਹਨ। ਜਿਨਾਂ ਦੇ ਕਾਰਨ ਜੀਵ ਨੂੰ ਕਈ ਤਰ੍ਹਾਂ ਦੇ ਦੁੱਖ ਤੇ ਕਲੇਸ਼ ਭੋਗਣੇ ਪੈਂਦੇ ਹਨ। ਬਾਜ ਪੰਛੀ ਤਿੰਨ ਪ੍ਰਕਾਰ ਦਾ ਤਾਪ ਤੇ ਗਿਰਝ ਕਲੇਸ਼ਾਂ ਦੀ ਦਬੱਲ ਹੈ॥ ਪੱਥਰ ਦੀ ਆੜ ਭਲੇ ਪੁਰਸ਼ਾਂ ਦਾ ਸੰਗ ਹੈ, ਜਿਸ ਕਰਕੇ ਜੀਵ ਕਲੇਸ਼ਾਂ ਤੋਂ ਬਚਣ ਦਾ ਉਪਾਅ ਢੂੰਡਦਾ

ਹੈ। ਪ੍ਰਿਥਵੀ ਉੱਤੇ ਜੋ ਜਾਲ ਤਣਿਆ ਹੋਇਆ ਹੈ, ਉਹ ਵੰਨ ਸੁਵੰਨੇ ਭੋਗ ਹਨ। ਜਿਨ੍ਹਾਂ ਵਿੱਚ ਪਾਮਰ ਜੀਵ ਫਸੇ ਹੋਏ ਕਬੂਤਰ ਸਮਾਨ ਹੈਨ। ਆਸਾ ਤੇ ਤ੍ਰਿਸ਼ਨਾ ਰੂਪ ਚੋਗਾ ਖਿਲਰਿਆ ਹੋਇਆ ਹੈ ਜਿਸਨੂੰ ਵੇਖਕੇ ਲਾਲਚੀ ਜੀਵ ਫਾਹੀ ਵਿਚ ਫਸ ਜਾਂਦਾ ਹੈ। ਕਿਉਂਕਿ ਫੱਸਿਆ ਹੋਇਆ ਫਸੇ ਹੋਏ ਨੂੰ ਛੁਡਾ ਨਹੀਂ ਸਕਦਾ। ਏਸ ਲਈ ਦੁੱਖੀ ਜੀਵ ਜਿਸ ਪਾਸ ਅਪਣੇ ਬਚਾਉ ਦੇ ਨਮਿਤ ਤਰਲਾ ਮਾਰਦਾ ਹੈ, ਉਹ ਆਪਣੇ ਹੀ ਕੀਰਨੇ ਸ਼ੁਰੂ ਕਰ ਦੇਂਦਾ ਹੈ। ਮਾਇਆ ਦੇ ਜਾਲ ਤੋਂ ਅਸੰਗ ਰਹਿਕੇ ਉੱਡਣ ਵਾਲਾ ਪੰਛੀ '**ਸੰਤ ਸਤਿਗੁਰ**' ਹੈ, ਉਹ ਸਦਾ ਹੀ ਰੂਹਾਨੀ (ਅਨੁਭਵੀ) ਆਕਾਸ਼ ਵਿੱਚ ਉਡਾਰੀਆ ਲਗਾਂਦਾ ਹੋਇਆ ਰੂਹਾਨੀ ਨਗਮੇ ਅਲਾਪਦਾ ਰਹਿੰਦਾ ਹੈ। ਉਹ ਜਗਤ ਦੇ ਜੀਆਂ 'ਤੇ ਤਰਸ ਖਾਕੇ ਜਾਲ ਦੇ ਲਾਗੇ ਤਾਂ ਆਂਉਦਾ ਹੈ, ਪਰ ਉਸ ਨਾਲ ਸਪਰਸ਼ ਨਹੀਂ ਕਰਦਾ। ਜਗਿਆਸੂ ਰੂਪ ਬਾਲਕ ਦਾ ਉਸ ਅੱਗੇ ਤਰਲਾ ਮਾਰਨਾ ਬੰਧਨ ਨਵਿਰਤੀ ਦੇ ਮਨੋਰਥ ਨੂੰ ਮੁੱਖ ਰੱਖਕੇ ਗੁਰੂ ਚਰਨਾਂ ਵਿੱਚ ਹਾਜ਼ਰ ਹੋ ਸ਼ਰਧਾ ਪੂਰਵਕ ਛੁਟਕਾਰੇ ਦੀ ਜੁਗਤੀ ਪੁੱਛਣੀ ਹੈ,– "ਪਾਲਕ ਨੂੰ ਯਾਦ ਕਰਨ ਦਾ ਉਪਦੇਸ਼" ਗੁਰਮੰਤ੍ਰ ਹੈ ਤੇ ਬਿਹਬਲ ਹੋ ਕੇ ਤੜਫਣਾਂ ਉਸਦੇ ਅਭਿਆਸ ਵਿੱਚ 'ਜੀਵਤ ਮਰਨ' ਹੈ– **"ਜਿਸੇ ਦੁਨੀਆ ਮੇਂ ਯਾਰੋ ਜੀਤੇ ਜੀ ਮਰ ਜਾਣਾ ਆਤਾ ਹੈ॥ ਸ਼ਰਾਬਿ ਵਸਲਿ ਜਾਨਾ ਕਾ ਉਸੇ ਪੈਮਾਨਾ ਆਤਾ ਹੈ'– 'ਜੀਵਨ ਮੁਕਤ ਸੋ ਆਖੀਐ ਮਰ ਜੀਵੇ ਮਰੀਆ॥"** ਜਗਿਆਸੂ ਜਦ ਇਹ ਉਪਦੇਸ਼ ਅਨੁਦਾਰ ਅਭਿਆਸ ਕਰਦਾ ਹੈ ਤਾਂ ਵਿਸ਼ਿਆਤਮਕ ਜਾਲ ਦਾ ਡੇਰਾ ਟੁੱਟ ਜਾਂਦਾ ਹੈ, ਵਿਸ਼ਯ ਵਾਸਨਾ, ਦਾ ਖੈ ਹੋ ਜਾਂਦਾ ਹੈ। ਫੇਰ ਜਗਿਆਸੂ ਮਾਇਕ ਪਦਾਰਥਾਂ ਦੀ ਅਸਲੀਅਤ ਅਤੇ ਉਸਦੇ ਦੁੱਖ ਰੂਪ ਫ਼ਲ ਨੂੰ ਅਨੁਭਵ ਕਰਕੇ ਆਪਣੇ ਸਵੈਸਰੂਪ ਘਰ ਵੱਲ (ਜਿੱਥੇ ਪਾਲਕ-ਈਸ਼ਵਰ ਦਾ ਨਿਵਾਸ ਹੈ) ਮੂੰਹ ਮੋੜਦਾ ਹੈ। ਸਾਹ ਲੈਣ ਵਾਸਤੇ ਵੱਟ ਤੇ ਬਹਿ ਜਾਣਾਂ, ਕਦੇ ਕਦੇ ਅਭਿਆਸ ਨੂੰ ਛੱਡ ਦੇਣਾ ਹੈ। ਪ੍ਰੰਤੂ ਜਦ ਫੇਰ ਸਤਿਗੁਰਾਂ ਦਾ ਉਪਦੇਸ਼ ਰੂਪ ਢੀਂਡਾ ਵੱਜਦਾ ਹੈ, ਤਾਂ ਜ਼ਖ਼ਮੀ ਹੋ ਕੇ ਕਿਸੇ ਇਕਾਂਤ ਰੂਪ ਖੂਹ ਵਿੱਚ ਨਿਵਾਸ ਕਰਦਾ ਹੈ। ਭੁੱਖਿਆਂ ਪਿਆਸਿਆਂ ਕਹਿਣ ਦਾ ਅਰਥ ਰਸਾਂ ਕਸਾਂ ਦਾ ਤਿਆਗ ਹੈ। ਤਿਆਗ ਅਤੇ ਵੈਰਾਗ ਜੀਵ ਰੂਪ ਪੰਛੀ ਨੂੰ ਆਤਮਾ ਮੰਡਲ ਵਿਚ ਉੱਡਣ ਦੀ ਸ਼ਕਤੀ ਦੇਣ ਵਾਲੇ ਖੰਭ ਹਨ। ਇਨ੍ਹਾਂ ਖੰਭਾਂ ਦੀ ਮੰਗ ਹੀ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕੀਤੀ ਸੀ– **"ਖੰਭ ਵਿਕਾਂਦੜੇ ਜੇ ਲਹਾਂ ਘਿੰਨਾ ਸਾਵੀ ਤੋਲਿ। ਤੰਨਿ ਜੜਾਂਈ ਆਪਣੇ ਲਹਾਂ ਸੁ ਸਜਣ ਟੋਲਿ।"**

ਏਨਾਂ ਰੂਹਾਨੀ ਪੰਖਾਂ ਦੀ ਸ਼ਕਤੀ ਨਾਲ ਜੀਵ ਪੰਛੀ ਅਪਣੇ ਅਸ਼ੋਕ ਬਿਰਖ ਤੱਕ ਅਪੜਕੇ ਪਾਲਕ (ਈਸ਼ਵਰ) ਨਾਲ ਅਭੇਦ ਹੋ ਜਾਂਦਾ ਹੈ, ਫਿਰ ਇਹ ਕਦੇ ਵੀ ਬਾਹਰ ਨਿਕਲਣ ਦਾ ਨਾ ਨਹੀਂ ਲੈਂਦਾ ਹੈ। ਜਗਤ ਦੇ ਮਾਇਕ ਪਦਾਰਥਾਂ ਵੱਲ ਫੇਰ ਏਹ ਤੱਕਣਾਂ ਵੀ ਨਹੀਂ ਚਾਹੁੰਦਾ ਏਹ– **"ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ॥"** ਦੇ ਤ੍ਰਾਨੇ ਗੌਣ ਵਾਲਾ ਗਵੱਈਆ ਬਣ ਜਾਂਦਾ ਹੈ।

---

## ਸਾਹਿਬਾ ਤੇਰੇ ਈ ਖੇਲ ਨੇ ਸਾਰੇ

**–ਧਨੀ ਰਾਮ ਚਾਤ੍ਰਿਕ**

ਤੂੰਹੇਂ ਰੱਬ ਉਦੋਂ ਪਰਮੇਸ਼ਰ,
ਕੋਈ ਸ਼ੈ ਨਹੀਂ ਤੈਥੋਂ ਬਾਹਰ।
ਸ਼ਕਤੀ, ਬ੍ਰਹਮਾ, ਵਿਸ਼ਨੂੰ ਮਹੇਸ਼ਰ,
ਚਾਰੇ ਰੂਪ ਤੂੰ ਹੈ ਸਨ ਧਾਰੇ। ਸਾਹਿਬਾ..

ਦਸੋਂ ਦਿਸ਼ਾ ਵਿਚ ਤੇਰਾ ਵਾਸਾ,
ਤੈਥੀਂ ਰੋਸ਼ਨ ਹਰ ਇਕ ਪਾਸਾ।
ਤੂੰ ਹੈ ਛੋਹਿਆ ਜਗਤ ਤਮਾਸ਼ਾ,
ਧਰਤੀ, ਸੂਰਜ, ਚੰਦ ਸਤਾਰੇ। ਸਾਹਿਬਾ..

ਤੂੰਹੇਂ ਜੀਵਨ ਜੋਤ ਜਗਾਈ,
ਖਲਕਤ ਸਾਜੀ ਰੌਣਕ ਲਾਈ।
ਨਰ ਮਦੀਨ ਵਿਚ ਪ੍ਰੀਤ ਵਸਾਈ,
ਜੋੜ ਜੁੜਾਏ ਪਿਆਰੇ ਪਿਆਰੇ ਸਾਹਿਬਾ...

ਪਸ਼ੂ ਪੰਛੀ ਜਲ ਜੀਵ ਉਪਾਏ,
ਉਤਮ ਜੂਨ ਮਨੁਖ ਬਣਾਏ।
ਸਬਜ਼ਾ ਬਨ, ਉਪਬਨ ਮਹਿਕਾਏ,
ਫਲ, ਫੁਲ, ਮੇਵੇ, ਗਰੀ ਛੁਹਾਰੇ। ਸਾਹਿਬਾ..

ਦੁਨੀਆਂ ਵਸ ਪਈ ਰੰਗ ਬਰੰਗੀ,
ਮੈਂਗੋਲੀਅਨ, ਏਰੀਅਨ, ਜੰਗੀ ।
ਹਿੰਦੁਸਤਾਨੀ, ਤੁਰਕ, ਫਰੰਗੀ,
ਊਚ, ਨੀਚ, ਕਿਰਤੀ ਵਣਜਾਰੇ। ਸਾਹਿਬਾ..

ਰਾਮ, ਮੁਹੰਮਦ, ਈਸਾ ਤੇਰੇ,
ਕਾਂਸ਼ੀ, ਕਾਬਾ, ਕਲੀਸਾ ਤੇਰੇ।
ਤੂੰ ਹੈਂ ਥਾਂ ਥਾਂ ਪਾਏ ਡੇਰੇ,
ਮਸਜ਼ਿਦ ਮੰਦਰ ਤੇ ਗੁਰਦੁਆਰੇ। ਸਾਹਿਬਾ..

ਸਾਹਿਬਾ, ਧੰਨ ਹੈ ਤੇਰੀ ਮਾਇਆ,
ਜੀ ਜੀ ਵਿਚ ਤੂੰ ਆਪ ਸਮਾਇਆ।
ਆਪਣੇ ਅੰਦਰ ਸਭ ਨੂੰ ਪਾਇਆ,
ਪਰਬਤ, ਨਦੀਆਂ, ਸਾਗਰ ਖਾਰੇ। ਸਾਹਿਬਾ..

ਸਗਲ ਸ੍ਰਿਸਟਿ ਤੇਰੀ ਪਨਿਹਾਰੀ,
ਤੇਰਾ ਹੁਕਮ ਤੇਰੀ ਸਰਦਾਰੀ।
ਮੰਗਣ ਤੇਰੀ ਮਿਹਰ ਭਿਖਾਰੀ,
ਚਾਤ੍ਰਿਕ ਆਇਆ ਤੇਰੇ ਦੁਆਰੇ।

..................

# ਨਾਮ ਸਿਮਰਨ

✍- ਮਹਿੰਦਰ ਸਿੰਘ ਕੂਕਾ

ਗੁਰਬਾਣੀ ਅਨੁਸਾਰ ਮਨੁੱਖਾਂ ਦੀਆਂ ਦੋ ਸ਼੍ਰੇਣੀਆਂ ਹਨ।ਪ੍ਰਥਮ ਸ਼੍ਰੇਣੀ ਦੇ ਮਨੁੱਖ ਉੱਚੇ-ਸੁੱਚੇ ਅਸੂਲਾਂ ਦੇ ਮਾਲਕ, ਕਹਿਣੀ-ਕਥਨੀ ਦੇ ਸੂਰੇ ਅਤੇ ਪੂਰੇ ਸਤਿਗੁਰੂ ਦੇ ਹੁਕਮਾਂ ਅਨੁਸਾਰ ਜੀਵਨ ਬਸਰ ਕਰਨ ਵਾਲੇ 'ਗੁਰਮੁਖ ਕਹਾਉਂਦੇ ਹਨ ਅਤੇ ਦੋਮ ਦਰਜੇ ਦੇ ਕੱਚੇ-ਪਿੱਲੇ, ਵਿਕਾਰੀ ਤੇ ਸਵਾਰਥੀ, ਆਪਣੇ ਮਨ ਦੇ ਪਿਛਲੱਗ, ਨੀਵੀਂ ਬਿਰਤੀ ਵਾਲੇ ਮਨੁੱਖ “ਮਨਮੁੱਖ ਸਦੇ ਹਨ। ਗੁਰਮੁਖ ਸਕਾਰਥ, ਪ੍ਰਭੂ-ਭਗਤੀ ਵਾਲਾ ਤੇ ਪਰਉਪਕਾਰੀ ਜੀਵਨ ਜਿਉਂਦੇ ਹਨ ਜਦਕਿ ਮਨਮੁੱਖਾਂ ਦਾ ਕੋਈ ਨੇਮ-ਧਰਮ ਨਹੀਂ ਹੁੰਦਾ ਤੇ ਉਹ ਮਾਇਆਵੀ ਸੰਸਾਰ ਦੀ ਦਲਦਲ ਵਿਚ ਖੁੱਭੇ ਤੇ ਖਚਤ ਹੋ ਚੁੱਕੇ ਹੁੰਦੇ ਹਨ। ਗੁਰਮੁਖਾਂ ਦਾ ਜੀਵਨ ਮਨੁੱਖਤਾ ਦੀਆਂ ਬੁਲੰਦੀਆਂ ਨੂੰ ਛੂੰਹਦਾ ਹੈ ਤੇ ਉਹ ਗੰਧਲੇ ਤੇ ਚਿੱਕੜ-ਭਰੇ ਪਾਣੀ ਚੋ ਪੈਦਾ ਹੋ ਕੇ ਵੀ ਕਮਲ ਦੇ ਫੁੱਲ ਵਾਂਗ ਨਿਰਮਲ ਤੇ ਨਿਰਲੇਪ ਜੀਵਨ ਜਿਉਂਦੇ ਹਨ ਜਦਕਿ “ਮਨਮੁੱਖ ਸੁਅਰ ਦੀ ਤਰ੍ਹਾਂ ਗੰਦ ਹੀ ਖਾਂਦੇ, ਗੰਦ ਹੀ ਖਲੇਰਦੇ ਤੇ ਗੰਦ ਹੀ ਉਗਲਦੇ ਹਨ।

ਗੁਰਬਾਣੀ ਗੁਰਮੁਖੀ ਜੀਵਨ ਦੇ ਤਿੰਨ ਮੁੱਢਲੇ ਅਸੂਲਾਂ ਨੂੰ ਇੰਜ ਬਿਆਨ ਕਰਦੀ ਹੈ: 'ਗੁਰਮੁਖਿ ਨਾਮੁ ਦਾਨੁ ਇਸਨਾਨ । ਸਰੀਰ ਦੀ ਪਵਿੱਤਰਤਾ ਵਾਸਤੇ ਇਸ਼ਨਾਨ, ਮਨ ਦੀ ਮੈਲ ਧੋਣ ਵਾਸਤੇ ਨਾਮ-ਸਿਮਰਨ ਤੇ ਕਿਰਤ-ਕਮਾਈ ਨੂੰ ਸਫ਼ਲ ਕਰਨ ਵਾਸਤੇ ਦਾਨ ਕਰਨ ਦੀ ਕਿਰਿਆ। ਗੁਰਸਿੱਖੀ ਆਸ਼ੇ ਅਨੁਸਾਰ ਇਸ ਕਰਮ ਨੂੰ ‘ਵੰਡ ਛਕਣ’ ਦੀ ਕਿਰਿਆ ਕਿਹਾ ਜਾਂਦਾ ਹੈ ਜਿਸਦਾ ਹੋਰ ਵਧੇਰੇ ਸੂਖਮ ਰੂਪ ਆਪਣੇ ਹੱਕ ਵਿੱਚੋਂ ਵੀ ਲੋੜਵੰਦ ਨੂੰ ਹਿੱਸਾ ਦਾਨ ਦੇ ਕੇ ਕਿਰਤਾਰਥ ਕਰਨ ਦੀ ਕਿਰਿਆ ਵੀ ਸ਼ਾਮਲ ਹੈ। ਚੂੰਕਿ ਦੇਣ ਵਾਲਾ ਤਾਂ ਦਾਤਾਰ ਹੈ, ਦਾਤਾਂ ਵੰਡਣ ਵਾਲਾ ਤਾਂ ਓਹੀ ਇਕ ਅਕਾਲ-ਪੁਰਖੁ ਹੀ ਹੈ, ਸਾਡੇ ਹੱਥੋਂ ਦਿਵਾ ਕੇ ਉਹ ਸਾਨੂੰ ਤਾਣ ਤੇ ਮਾਣ ਬਖ਼ਸ਼ਦਾ ਹੈ, ਵਰਨਾ ਅਸੀਂ ਕੌਣ ਹਾਂ ਕਿਸੇ ਨੂੰ ਕੁਝ ਦੇ ਸਕਣ ਵਾਲੇ?

ਗੁਰਸਿੱਖੀ ਜਾਂ ਗੁਰਮੁਖੀ ਜੀਵਨ ਦੇ ਉਪਰੋਕਤ ਤਿੰਨ ਮੁੱਢਲੇ ਨਿਯਮਾਂ ਵਿਚੋਂ “ਨਾਮੁ” ਦੇ ਸਬੰਧ ਵਿਚ ਵਿਚਾਰ ਕਰਨੀ ਹੀ ਇਸ ਲੇਖ ਦਾ ਮੁੱਖ ਮਕਸਦ ਹੈ। ਕਿਉਂਕਿ ਈਸ਼ਵਰ ਦੇ ਨਾਮੁ ਨੂੰ ਜਪ ਕੇ ਜਾਂ ਪ੍ਰਭੂ ਦਾ ਸਿਮਰਨ ਕਰ ਕੇ ਹੀ ਅਸੀਂ ਆਪਣੇ ਜੀਵਨ ਨੂੰ ਉੱਚਾ ਚੁੱਕ ਸਕਦੇ ਹਾਂ, ਇਸ ਵਾਸਤੇ ਨਾਮ ਸਿਮਰਨ ਦੀ ਖਾਸ ਮਹੱਤਤਾ ਹੈ। ਜਿਵੇਂ ਪਾਣੀ ਦਾ ਸੁਭਾਅ ਨੀਂਵਾਣ ਵੱਲ ਨੂੰ ਵਹਿਣ ਦਾ ਹੈ ਤਿਵੇਂ ਹੀ ਮਨੁੱਖੀ ਮਨ ਵੀ ਨੀਵਾਣ ਵੱਲ ਵਧੇਰੇ ਦੌੜਦਾ ਹੈ। ਜਿਵੇਂ ਪਾਣੀ ਨੂੰ ਉੱਚਾ ਚੁੱਕਣ ਵਾਸਤੇ ਸ਼ਕਤੀ ਤੇ ਮਿਹਨਤ ਮੁਸ਼ੱਕਤ ਦੀ ਜ਼ਰੂਰਤ ਹੁੰਦੀ ਹੈ ਤਿਵੇਂ ਹੀ ਮਨ ਨੂੰ ਬੁਲੰਦ ਬਣਾਉਣ ਵਾਸਤੇ ਵੀ ਭਾਰੀ ਤਾਕਤ ਤੇ ਮੁਸ਼ੱਕਤ ਵਰਤਣੀ ਪੈਂਦੀ ਹੈ।ਇਹ ਤਾਕਤ ਸਾਨੂੰ ਨਾਮ-ਸਿਮਰਨ ਦੇ ਅਭਿਆਸ ਅਤੇ ਸਤਿਗੁਰੂ ਦੇ ਆਸ਼ੀਰਵਾਦ ਅਥਵਾ ਬਖ਼ਸ਼ਿਸ਼ ਦੁਆਰਾ ਮਿਲਦੀ ਹੈ। ਪੂਰੇ ਸਤਿਗੁਰੂ ਦਾ ਓਟ-ਆਸਰਾ ਵੀ ਤਾਂ ਹੀ ਪ੍ਰਾਪਤ ਹੁੰਦਾ ਹੈ ਜੇ ਅਸੀਂ ਉਸਦੀ ਕ੍ਰਿਪਾ ਦੇ ਪਾਤਰ ਬਣੀਏ ਅਤੇ ਅਜਿਹਾ ਤਾਂ ਹੀ ਸੰਭਵ ਹੈ ਜੇ ਅਸੀਂ ਸਤਿਗੁਰੂ ਦੇ ਦੱਸੇ ਹੋਏ ਮਾਰਗ ਅਥਵਾ ਨਿਯਮਾ ਅਨੁਸਾਰ ਚੱਲੀਏ।

**ਨਾਮ ਕੀ ਹੈ?**

ਜਿਵੇਂ ਕਿਸੇ ਵਿਅਕਤੀ ਵਿਸ਼ੇਸ਼ ਜਾਂ ਵਸਤੂ ਦੀ ਪਹਿਲੀ ਪਹਿਚਾਣ ਉਹਦੇ ਨਾਂ ਤੋਂ ਹੁੰਦੀ ਹੈ। ਤਿਵੇਂ ਹੀ ਸ਼ਿਸ਼ਟੀ ਦੀ ਪਰਮ-ਸੱਤਾ ਜਾਂ ਈਸ਼ਵਰੀ ਸ਼ਕਤੀ ਨੂੰ ਵੀ ਉਹਦੇ ਵਿਸ਼ੇਸ਼ ਨਾਂ ਜਾ “ਨਾਮੁ” , ਰਾਹੀਂ ਹੀ ਪਹਿਚਾਨਣ ਦੀ ਪਹਿਲੀ ਕੋਸ਼ਿਸ਼ ਕੀਤੀ ਗਈ। ਗੁਰਬਾਣੀ ਅਨੁਸਾਰ ਸਿਸ਼ਟੀ ਦੀ ਆਦਿ ਜੁਗਾਦੀ ਅਟੱਲ ਸੱਚਾਈ ਇਕੋ-ਇਕ ਈਸ਼ਵਰੀ ਸ਼ਕਤੀ ਹੀ ਹੈ ਜੋ ਉਦੋਂ ਵੀ ਸੀ ਜਦੋਂ ਕੇਵਲ “ਅਰਬਦ ਨਰਬਦ ਧੁੰਧੂਕਾਰ ਸੀ (ਅਰੰਭ ਕਾਲ ਦੀ ਆਦਮੀ ਦੁਆਰਾ ਨਾ-ਬਿਆਨ ਕਰ ਸਕਣ ਵਾਲੀ 'ਸੁਨਯ-ਅਵਸਥਾ ਅਥਵਾ 'ਸੰਪੂਰਨ ਸੁੰਨ ਦੀ ਦਸ਼ਾ) ਅਤੇ ਓਦੋਂ ਵੀ ਹੋਵੇਗੀ ਜਦੋਂ ਇਹ ਸਿਸ਼ਟੀ ਜਾਂ ਸੰਸਾਰਿਕ-ਰਚਨਾ ਬਿਨਸ ਜਾਏਗੀ। ਸਤਿਗੁਰੂ ਨਾਨਕ ਦੇਵ ਜੀ ਨੇ ਉਸ ਪਰਮ ਸ਼ਕਤੀ ਨੂੰ ਕਿਹਾ ਤੇ ਉਸ ਨਿਰੰਕਾਰੀ ਸ਼ਕਤੀ ਨੂੰ ਆਪਣੇ ਮੂਲ ਮੰਤੁ ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸ਼ਾਦਿ॥ ਆਦਿ ਸਚੁ ਜੁਗਾਦਿ ਸਚ ਹੈ ਭੀ ਸੱਚੁ ਨਾਨਕ ਹੋਸੀ ਭੀ ਸਚੁ॥” ਵਿਚਲੇ ਗੁਣਾਂ ਰਾਹੀਂ ਸਾਕਾਰ ਤੇ ਉਜਾਗਰ ਕੀਤਾ। ਕਿਉਂਕਿ ਮਨੁੱਖ ਸਮਸਤ ਪਾਣੀ ਜਗਤ ਦਾ ਸਿਰਦਾਰ ਹੈ। ਇਸ ਵਾਸਤੇ ਮਨੁੱਖ ਦੀ ਮੁਕਤੀ ਦਾ ਮਾਰਗ ਵੀ ਪਰਮ-ਪਿਤਾ ਪ੍ਰਮਾਤਮਾ ਅਥਵਾ “ਅਕਾਲ ਪੁਰਖੁ ਹੀ ਹੈ। ਉਸ ਸੁਖਸ਼ਮ ਸ਼ਕਤੀ ਦੇ ਸਥੂਲ ਰੂਪ ਅਥਵਾ ਵਿਰਾਟ ਸਰੂਪ ਦਾ ਕੁਝ ਝਲਕਾਰਾ ਸਾਨੂੰ ਉਹਦੀ ਦ੍ਰਿਸ਼-ਅਦਿਸ਼ ਸਿਸ਼ਟੀ ਅਥਵਾ ਬ੍ਰਹਿਮੰਡ ਚੋ ਮਿਲ ਜਾਂਦਾ ਹੈ। ਭਿੰਨ -ਭਿੰਨ ਯੁਗਾਂ ਵਿਚ ਉਸ ਪਰਮ-ਸ਼ਕਤੀ ਨੂੰ ਭਿੰਨ-ਭਿੰਨ ਨਾਵਾਂ ਨਾਲ ਪੁਕਾਰਿਆ ਗਿਆ ਪ੍ਰੰਤੂ ਸਤਿਗੁਰੂ ਨਾਨਕ ਦੇਵ ਜੀ ਨੇ ਸਤਿਯੁਗ-ਪ੍ਰੇਤਾ-ਦੁਆਪਰ ਯੁਗਾਂ ਦੌਰਾਨ ਪ੍ਰਮਾਤਮਾ ਦੇ ਪ੍ਰਚਲਤ ਨਾਵਾਂ (ਵਿਸ਼ਨੂੰ, ਹਰੀ,

ਗੋਬਿੰਦ, ਰਾਮ) ਦੇ ਪਹਿਲੇ ਅੱਖਰਾਂ ਨੂੰ ਜੋੜ ਕੇ "ਵਾਹਿਗੁਰੂ ਨਾਮੁ ਜਗਤ ਵਿਚ ਪ੍ਰਚਲਤ ਕੀਤਾ ਤੇ ਏਸੇ ਨਾਮ ਨਾਲ ਹੀ ਉਸ ਪਰਮ ਸ਼ਕਤੀ ਨੂੰ ਆਰਾਧਣ ਦਾ ਉਪਦੇਸ਼ ਦਿੱਤਾ। ਹਨੇਰੇ 'ਚੋ ਬਾਹਰ ਕੱਢ ਕੇ ਗਿਆਨ ਦੇ ਪ੍ਰਕਾਸ਼ ਨਾਲ ਰੁਸ਼ਨਾਉਣ ਵਾਲਾ ਇਹ ਉਸ ਸਕਤੀ ਦਾ ਨਾਮ ਵੀ ਹੈ ਅਤੇ ਉਹਦੀ ਸਿਫ਼ਤ-ਸਲਾਹ ਵੀ ।

## ਨਾਮੁ ਦਾ ਸ੍ਰੋਤ ਤੇ ਪ੍ਰਾਪਤੀ :

ਗੁਰਬਾਣੀ ਅਨੁਸਾਰ ਨਾਮ ਦਾ ਸ੍ਰੋਤ 'ਸਤਿਗੁਰੂ ਹੈ। 'ਗੁਰੂ ਸਮੁੰਦ ਨਦੀ ਸਭ ਸਿਖੀ ਗੁਰਵਾਕ ਅਨੁਸਾਰ ਸਤਿਗੁਰੂ ਸਮੁੰਦਰ ਦੀ ਨਿਆਈਂ ਹੈ। ਜਿਵੇਂ ਹਰ ਪ੍ਰਕਾਰ ਦੇ ਜਲ ਦਾ ਸੂਤ ਸਮੁੰਦਰ ਹੀ ਹੈ ਜੋ ਕੁਦਰਤ ਦੇ ਬਣਾਏ ਨਿਯਮਾਂ ਅਨੁਸਾਰ ਵਾਸ਼ਪ ਬਣ ਕੇ, ਹਜ਼ਾਰਾਂ ਕੋਹਾਂ ਦਾ ਸਫਰ ਤਹਿ ਕਰਕੇ, ਵਰਖਾ ਦੇ ਰੂਪ 'ਚ ਵਰਦਾ ਹੈ ਤੇ ਨਦੀਆਂ-ਨਾਲਿਆਂ ਦਾ ਰੂਪ ਧਾਰ ਕੇ ਮੁੜ ਸਮੁੰਦਰ ਵਿਚ ਜਾ ਸਮਾਉਂਦਾ ਹੈ ਤਿਵੇਂ ਹੀ ਸਤਿਗੁਰੂ ਆਪਣੇ ਪਿਆਰੇ ਸਿਖਾਂ ਸੇਵਕਾਂ ਨੂੰ ਆਪਣੇ ਨਾਲ ਮਿਲਾ ਲੈਂਦਾ ਹੈ। ਜਿਵੇਂ ਜਲ ਨੂੰ ਇਕ ਵਹਿਣ ਬਣਨ ਦੀ ਲੋੜ ਹੈ ਕਿ ਉਹਦਾ ਸਮੁੰਦਰ ਤਕ ਪਹੁੰਚਣ ਦਾ ਰਸਤਾ ਆਪਣੇ ਆਪ ਹੀ ਬਣ ਜਾਂਦਾ ਹੈ ਤਿਵੇਂ ਹੀ ਗੁਰਸਿਖ ਨੂੰ ਆਪਣੇ ਸਤਿਗੁਰੂ ਵੱਲ ਕਦਮ ਪੁੱਟਣ ਦੀ ਜਰੂਰਤ ਹੈ, ਉਹਦਾ ਰੂਹਾਨੀ ਸਫ਼ਰ ਆਰੰਭ ਹੋ ਜਾਂਦਾ ਹੈ ਤੇ ਫਿਰ ਉਸਨੂੰ ਆਪਣੀ ਮੰਜ਼ਿਲ ਵੱਲ, ਸਮੁੰਦਰ ਰੂਪੀ ਸਤਿਗੁਰੂ ਤੱਕ, ਪਹੁੰਚਣ ਨੂੰ ਦੇਰ ਨਹੀਂ ਲੱਗਦੀ। ਸਾਰੀ ਗੁਰਬਾਣੀ 'ਨਾਮ ਤੇ ਇਸ ਦੁਰਲੱਭ ਵਸਤ ਦੇ ਦਾਤੇ 'ਸਤਿਗੁਰੂ ਦੀ ਮਹਿਮਾ ਦਾ ਵਰਨਨ ਕਰਦੀ ਹੈ। ਜਿਵੇਂ ਹਰ ਜਲ ਦੀ ਰਸਾਇਣਕ ਸੱਚਾਈ $H_2O$ -ਦੋ ਹਿੱਸੇ ਹਾਈਡਰੋਜਨ ਤੇ ਇਕ ਹਿੱਸਾ ਆਕਸੀਜਨ ਹੈ (ਭਾਵੇਂ ਉਹ ਜਲ ਕਿਸੇ ਟੋਭੇ, ਚਸ਼ਮੇ, ਸਰੋਵਰ, ਨਦੀ ਦਰਿਆ ਜਾਂ ਸਮੁੰਦਰ ਦਾ ਹੀ ਕਿਉਂ ਨਾ ਹੋਵੇ) ਤਿਵੇਂ ਹੀ ਹਰ ਪ੍ਰਾਣੀ, ਜੀਵ ਤੇ ਮਨੁੱਖ ਦੀ ਆਤਮਾ ਪਰਮਾਤਮਾ ਦਾ ਹੀ ਅੰਸ ਹੈ ਤੇ ਇਹਦੀ ਮੁਕਤੀ ਪਰਮਾਤਮਾ ਨਾਲ ਇਕਮਿਕ ਹੋਣ ਵਿਚ ਹੀ ਹੈ ਤਿਵੇਂ ਹੀ ਗੁਰਸਿਖ ਦੀ ਮੁਕਤੀ ਦਾ ਰਾਹ ਵੀ ਆਪਣੇ ਸਤਿਗੁਰੂ ਨਾਲ ਇਕਮਿਕ ਹੋਣ ਵਿਚ ਹੀ ਹੈ। "ਪਾਰਬ੍ਰਹਮ ਗੁਰ ਨਾਹੀਂ ਭੇਦ" ਗੁਰਵਾਕ ਅਨੁਸਾਰ, ਸਤਿਗੁਰੂ ਨਿਰਾਕਾਰ ਪ੍ਰਮਾਤਮਾ ਦਾ ਸਾਕਾਰ ਸਰੂਪ ਹੈ ਤੇ ਉਹ ਰੱਬੀ ਸ਼ਕਤੀਆਂ ਨਾਲ ਭਰਪੂਰ ਹੁੰਦਾ ਹੈ। ਸਤਿਗੁਰੂ ਦੀ ਪ੍ਰਾਪਤੀ ਹੁੰਦਿਆਂ ਹੀ ਮਨੁੱਖ ਦੀ ਮੁਕਤੀ ਦੇ ਸਾਰੇ ਦੁਆਰ ਖੁੱਲ ਜਾਦੇ ਹਨ ਪਰੰਤੂ ਉਸ ਰੱਬੀ-ਮਹਿਲ ਅੰਦਰ ਪ੍ਰਵੇਸ਼ ਤਾਂ ਮਨੁੱਖ ਨੂੰ ਆਪਣੇ ਯਤਨਾਂ ਦੁਆਰਾ ਹੀ ਕਰਨਾ ਪਵੇਗਾ। ਅਤੇ ਅਜਿਹੇ ਯਤਨ ਹਨ "ਨਾਮੁ ਸਿਮਰਨ' ਤੇ 'ਸ਼ੁਭ ਅਮਲਾਂ ਵਾਲਾ ਜੀਵਨ ਅਖ਼ਤਿਆਰ ਕਰਨਾ ਅਰਥਾਤ ਗੁਰਮੁਖੀ ਜੀਵਨ।

## ਨਾਮੁ ਕਦੋਂ ਤੇ ਕਿਵੇਂ ਮਿਲਦਾ ਹੈ?

ਗੁਰਬਾਣੀ ਅਨੁਸਾਰ ਮਨੁੱਖ ਨੂੰ ਸਤਿਗੁਰੂ ਦੀ ਸੰਗਤ ਓਦੋ ਪ੍ਰਾਪਤ ਹੁੰਦੀ ਹੈ ਜਦੋਂ ਉਹਦੇ ਪੂਰਬਲੇ ਕਰਮ ਅੰਕੁਰ ਬਣ ਕੇ ਫੁੱਟਦੇ ਹਨ: ਯਥਾ : ਹੀ "ਪੂਰਬ ਕਰਮ ਅੰਕੁਰ ਜਬ ਪ੍ਰਗਟ ਭੇਟਿਆ ਪੁਰਖੁ ਰਸਿਕ ਬੈਰਾਗੀ॥" ਜਦੋਂ ਅਜਿਹਾ ਸਮਾਂ ਬਣਦਾ ਹੈ ਤਾਂ ਸਿੱਖ ਆਪਣੇ ਸਤਿਗੁਰੂ ਨੂੰ ਮਿਲਣ ਵਾਸਤੇ ਬਿਹਬਲ ਹੋਇਆ ਤੁਰ ਪੈਂਦਾ ਹੈ, ਉਦੋਂ ਸੰਸਾਰਿਕ ਬੰਧਨ ਵੀ ਉਹਦਾ ਰਸਤਾ ਨਹੀਂ ਰੋਕ ਸਕਦੇ। ਸਿੱਖ ਇਤਿਹਾਸ ਅੰਦਰ ਅਜਿਹੇ ਹਜ਼ਾਰਾਂ ਪ੍ਰਮਾਣ ਮਿਲਦੇ ਹਨ ਜਦੋਂ ਨਾਮ ਵਾਸਤੇ ਬਿਹਬਲ / ਤਰਸਦੇ ਮਨੁੱਖ ਨੂੰ, ਜੋ ਸੱਚੇ ਦਿਲੋਂ ਸਤਿਗੁਰੂ ਦੀ ਤੈਲਾਸ਼ ਵਿਚ ਨਿਕਲ ਪੈਂਦਾ ਹੈ ਤਾਂ ਸਤਿਗੁਰੂ ਅਗਲਵਾਂਢੀ ਹੋ ਕੇ ਮਿਲ ਪੈਂਦਾ ਹੈ। ਜੇ ਸਤਿਗੁਰੂ ਸਿੱਖ ਦੀ ਪ੍ਰੀਖਿਆ ਲੈਂਦਾ ਹੈ ਤਾਂ ਸਿੱਖ ਵੀ ਗੁਰੂ ਨੂੰ ਪਰਖਣੋਂ ਨਹੀਂ ਝਿਜਕਦੇ। ਜਦੋਂ ਪੂਰੀ ਤਸੱਲੀ ਜਾਂ ਨਿਸ਼ਠਾ ਹੋ ਜਾਵੇ ਤਾਂ ਸਿੱਖ ਸਤਿਗੁਰੂ ਦੀ ਚਰਨੀਂ ਢਹਿ ਕੇ, ਤਨੋਂ-ਮਨੋਂ ਗੁਰੂ ਨੂੰ ਸਮਰਪਿਤ ਹੋ ਕੇ ਸਤਿਗੁਰੂ ਪਾਸ਼ "ਨਾਮੁ" ਦੀ ਦਾਤ ਪ੍ਰਦਾਨ ਕਰਨ ਵਾਸਤੇ ਸੱਚੇ ਦਿਲੋਂ ਪ੍ਰਾਰਥਨਾ ਕਰਦਾ ਹੈ। ਸਤਿਗੁਰੂ ਸਿੱਖ ਉਪਰ ਤਰੁੱਠ ਜਾਵੇ ਤਾਂ ਗੁਰਬਾਣੀ ਦੇ ਆਸ਼ੇ ਅਨੁਸਾਰ ਸਿੱਖ ਦੇ ਕੰਨ ਵਿਚ "ਨਾਮੁ" ਦੇ ਦੇਂਣਾ ਹੈ ਜਿਸ ਨਾਲ ਸਿੱਖ ਦੇ ਮਨ ਦੀ ਅਗਿਆਨਤਾ ਦਾ ਹਨੇਰਾ ਦੂਰ ਹੋ ਜਾਂਦਾ ਹੈ, ਉਹਦੇ ਸਾਰੇ ਵਹਿਮ-ਭਰਮ ਦੂਰ ਹੋ ਜਾਂਦੇ ਹਨ ਤੇ ਮਨ ਅੰਦਰ ਸੱਚਾ ਤੇ ਸਦੀਵੀ ਪ੍ਰਕਾਸ਼-ਰੂਪੀ ਸੂਰਜ ਉਦੈ ਹੋ ਜਾਦਾ ਹੈ। ਯਥਾ: ''ਮਨਹਿ ਪ੍ਰਗਾਸੁ ਭਇਓ ਭ੍ਰਮ ਨਾਸਿਓ ਮੰਤ ਦੀਓ ਗੁਰ ਕਾਨ॥ ਕਾਨੜਾ ਮਹਲਾ 5) ਇਸ ਕਿਰਿਆ ਰਾਹੀਂ ਸਤਿਗੁਰੂ ਆਪਣੀ ਨਾਮਸਿਮਰਨ ਦੀ ਕਮਾਈ ਵਿਚੋਂ ਕਿਣਕਾ-ਮਾਤਰ 'ਪ੍ਰਸਾਦਿ ਵੀ ਦੇਂਦਾ ਹੈ। ਇਸ ਬੀਜ-ਰੂਪੀ ਪ੍ਰਸਾਦਿ ਨੂੰ ਗੁਰਸਿੱਖ ਨੇ ਆਪ ਨਾਮ ਸਿਮਰਨ ਦੀ ਮਿਹਨਤ ਤੇ ਕਮਾਈ ਕਰ ਕੇ ਫੁੱਲਤ ਕਰਨਾ ਹੁੰਦਾ ਹੈ। ਕਈ ਵਾਰੀ ਸਤਿਗੁਰੂ ਮਿਹਰਬਾਨ ਹੋ ਕੇ ਆਪਣੇ ਕਿਸੇ ਭਜਨੀਕ ਗੁਰਸਿਖ ਨੂੰ ਗੁਰਮੰਤੁ ਦੇਣ ਦਾ ਹੁਕਮ ਵੀ ਕਰ ਦਿੰਦਾ ਹੈ। ਉਹ ਸਮਾਂ ਨਿਵੇਕਲਾ ਤੇ ਵਡਭਾਗੀ ਹੁੰਦਾ ਹੈ ਜਦੋਂ ਸਤਿਗੁਰੂ ਆਪ ਸੰਗਤ ਵਿਚਕਾਰ ਉਪਸਥਿਤ ਹੋ ਕੇ ਆਪਣੇ ਮੁਖਾਰਬਿੰਦ ਤੋਂ 'ਨਾਮੁ ਦਾ ਉਚਾਰਣ ਕਰਕੇ ਨਾਮ ਦੇ ਖੁਲੇ ਗੱਫੇ ਵੀ ਵੰਡ ਦੇਂਦਾ ਹੈ। ਸਤਿਗੁਰੂ ਰਾਮ ਸਿੰਘ ਜੀ ਨੇ ਸੰਤ ਖਾਲਸੇ ਦੀ ਪ੍ਰਗਤੀ ਤੇ ਪ੍ਰਫੁੱਲਤਾ ਵਾਸਤੇ ਅਜਿਹਾ ਉਪਕਾਰ ਵੀ ਕੀਤਾ। ਸਤਿਗੁਰੂ ਜਗਜੀਤ ਸਿੰਘ ਜੀ ਨੂੰ ਅਜਿਹਾ ਹੁਕਮ ਕਰਦਿਆਂ ਕਈ ਵਾਰੀ ਵੇਖਿਆ ਸੁਣਿਆ ਹੈ ਕਿ ਫਲਾਣੇ ਸਿੰਘ, ਸਿੰਘਣੀ, ਬੱਚੇ ਜਾਂ ਬੱਚੀ ਨੂੰ "ਨਾਮੁ ਦੇ ਦਿਤਾ ਜਾਵੇ। ਅਜਿਹੀਆਂ ਰਹਿਮਤਾਂ ਸੱਚਾ ਸਤਿਗੁਰੂ ਹੀ ਕਰ ਸਕਦਾ ਹੈ।

## ਅੰਮ੍ਰਿਤ ਨਾਮੁ ਨਿਧਾਨ ਹੈ:

ਜੇ ਗੁਰਬਾਣੀ ਅੰਮ੍ਰਿਤਮਈ ਹੈ ਤਾਂ ਨਾਮੁ - ਅੰਮ੍ਰਿਤ ਰੂਪ ਹੈ, ਪਰਮ-ਆਨੰਦ ਦਾ ਖਜ਼ਾਨਾ ਹੈ। ਤੇ ਸਤਿਗੁਰੂ ਵਲੋਂ ਸਾਨੂੰ ਇਸ ਅੰਮ੍ਰਿਤ ਰੂਪੀ ਨਾਮੁ ਨੂੰ ਮਿਲ ਕੇ ਛਕਣ ਦਾ ਆਦੇਸ਼ ਹੈ-

ਅੰਮ੍ਰਿਤ ਨਾਮੁ ਨਿਧਾਨੁ ਹੈ ਮਿਲਿ ਪੀਵਹੁ ਭਾਈ॥ ਜਿਸ ਸਿਮਰਤ ਸੁਖੁ ਪਾਈਐ ਸਭ ਤਿਖਾ ਬੁਝਾਈ।
ਯਥਾ- ਅੰਮ੍ਰਿਤ ਨਾਮੁ ਪਰਮੇਸ਼ਰ ਤੇਰਾ
ਜੋ ਸਿਮਰੈ ਸੋ ਜੀਵੈ॥

## ਨਾਮ ਸਿਮਰਨ ਕਿਉਂ ਤੇ ਕਿਵੇਂ?

(ਸਿਮਰਨ ਦਾ ਅਰਥ ਹੈ ਯਾਦ ਕਰਨਾ/ ਨਾਮੁ ਸਿਮਰਨ ਦਾ ਭਾਵ-ਅਰਥ ਹੈ ਸ਼ਿਸ਼ਟੀ ਦੀ ਪਰਮ ਸੱਤਾ ਪਰਮ-ਪਿਤਾ ਅਕਾਲ ਪੁਰਖੁ ਪਰਮਾਤਮਾ ਨੂੰ ਯਾਦ ਕਰਨਾ। ਗੁਰਬਾਣੀ ਅੰਦਰ ਸਤਿਗੁਰੂ ਸਾਹਿਬਾਨ ਦਾ ਕਥਨ ਹੈ- "ਜੋ ਦੀਸੈ ਮੀਨ ਪੰਖੁ ਪੰਖੇਰੂ ਸੋ ਬਿਨੁ ਹਰਿ ਜਾਪਤ ਹੈ ਨਹੀਂ , ਹੋਰੁ। ਚਾਤ੍ਰਿਕ, ਪਪੀਹੇ ਚਕਵੀ ਆਦਿ ਦੇ ਦ੍ਰਿਸ਼ਟਾਂਤਾਂ ਰਾਹੀਂ ਵੀ ਸਮਝਾਇਆ ਗਿਆ ਹੈ। ਕਿ ਜੇ ਇਹ ਨਿੱਕੇ ਨਿੱਕੇ ਜੀਵ ਈਸ਼ਵਰੀ ਸ਼ਕਤੀ ਨੂੰ ਸਿਮਰਦੇ ਹਨ ਤਾਂ ਮਨੁੱਖ ਵਾਸਤੇ ਤਾਂ ਪ੍ਰਭੂ ਦਾ ਸਿਮਰਨ ਕਰਨਾ ਹੋਰ ਵੀ ਵਧੇਰੇ ਅਵੱਸ਼ਕ ਹੈ। ਕਿਉਂਕਿ ਦੁਰਲੱਭ ਮਨੁੱਖਾ ਜਨਮ ਤਾਂ ਮਿਲਿਆ ਹੀ ਇਸੇ ਕਾਰਜ ਵਾਸਤੇ ਹੈ, ਕਿਉਂਕਿ ਪ੍ਰਭੂ ਦਾ ਸਿਮਰਨ ਕਰਕੇ ਹੀ ਮਨੁੱਖ ਜਨਮ-ਮਰਨ ਦੇ ਚੱਕਰ 'ਚੋਂ ਬਾਹਰ ਨਿਕਲ ਸਕਦਾ ਹੈ ਤੇ ਈਸ਼ਵਰ ਨਾਲ ਮਿਲਾਪ ਕਰ ਸਕਦਾ ਹੈ। ਯਥਾ-

"ਚਿਰੰਕਾਲੁ ਇਹ ਦੇਹ ਸੰਜਰੀਆ॥
ਪ੍ਰਭੂ ਮਿਲਨੇ ਕੀ ਇਹ ਤੇਰੀ ਬਰੀਆ॥"

ਗੁਰਮਤਿ ਅਨੁਸਾਰ ਸੂਖਸ਼ਮ ਰੂਪ ਵਿਚ ਈਸ਼ਵਰ ਦਾ ਨਾਮੁ ਹਰ ਮਨੁੱਖ ਦੇ ਅੰਦਰ ਪਹਿਲਾਂ ਹੀ ਮੌਜੂਦ ਹੈ। ਸਤਿਗੁਰੂ ਦਾ ਕੰਮ ਉਸਨੂੰ 'ਜਾਗੋ' ਲਾਉਣਾ ਹੈ, ਮਨੁੱਖ ਦਾ ਕੰਮ ਉਸਦਾ ਮੰਥਨ ਕਰਕੇ ਤੱਤ ਰੂਪੀ ਪ੍ਰਮਾਤਮਾ ਨੂੰ ਪ੍ਰਾਪਤ ਕਰਨਾ ਹੈ। ਭਗਤ ਕਬੀਰ ਜੀ ਦਾ ਕਥਨ ਹੈ:

"ਹਰਿ ਕਾ ਬਿਲੋਵਨਾ ਬਿਲੋਵਹੁ ਮੇਰੇ ਭਾਈ॥
ਸਹਜਿ ਬਿਲੋਵਹੁ ਕਿ ਤਤੁ ਨ ਜਾਈ॥"

ਸੁਖਮਨੀ ਸਾਹਬਿ ਅੰਦਰ ਸਤਿਗੁਰੁ ਮਨੁੱਖ ਦੀ ਦੁਬਿਧਾ ਦਾ ਜ਼ਿਕਰ ਕਰਦੇ ਹਨ:

''ਜੋ ਠਾਕੁਰ ਸਦ ਸਦਾ ਹਜ਼ਾਰੇ
ਤਾ ਕਉ ਅੰਧਾ ਜਾਨਤ ਦੂਰੇ॥
ਜਾ ਕੀ ਟਹਲ ਪਾਵੈ ਦਰਗਹ ਮਾਨੁ॥
ਤਿਸਹਿ ਬਿਸਾਰੈ ਮੁਗਧੁ ਅਜਾਨ॥

ਸੱਚਾਈ ਤਾਂ ਇਹੀ ਹੈ ਕਿ ਪ੍ਰਮਾਤਮਾ ਦਾ ਨਾਮੁ ਹੀ ਪਾਣੀਆਂ ਸਮੇਤ ਸਮਸਤ ਸ਼ਿਸ਼ਟੀ ਦਾ ਆਧਾਰ ਹੈ। ਯਥਾ :

ਨਾਮ ਕੇ ਧਾਰੇ ਸਗਲ ਜੰਤਿ॥
ਨਾਮੁ ਕੇ ਧਾਰੇ ਖੰਡ ਬ੍ਰਹਿਮੰਡ॥
ਅਤੇ "ਜਿਹ ਪ੍ਰਸਾਦਿ ਤੂੰ ਪ੍ਰਗਟੁ ਸੰਸਾਰਿ॥
ਤਿਸੁ ਪ੍ਰਭੁ ਕਉ ਮੂਲਿ ਨਮਨਹੁ ਬਿਸਾਰਿ॥

ਨਾਮੁ, ਨਾਮ-ਸਿਮਰਨ ਤੇ ਉਸਦੇ ਮਹੱਤਵ ਦੀ ਵਿਆਖਿਆ ਸਰਵੋਤਮ ਰੂਪ ਵਿਚ ਸਾਹਿਬ ਸ੍ਰੀ ਗੁਰੂ ਅਰਜੁਨ ਦੇਵ ਜੀ ਨੇ 'ਸੁਖਮਨੀ ਸਾਹਿਬ ਅੰਦਰ ਕਰ ਦਿੱਤੀ ਹੈ। ਅੱਗੇ, ਇਸ ਹੁਕਮ ਨੂੰ ਮੰਨਣਾ ਸਾਡਾ ਕੰਮ ਹੈ।

ਕਿਉਂਕਿ ਸਤਿਗੁਰੂ ਹੀ ਨਾਮ ਦਾ ਦਾਤਾ ਹੈ ਇਸ ਵਾਸਤੇ ਮਨੁੱਖ ਦੇ ਮਨ ਅੰਦਰ ਨਾਮੁ ਦਾ ਬੀਜ ਬੀਜਣ ਤੋਂ ਪਹਿਲਾਂ ਸਤਿਗੁਰੂ ਮਨੁੱਖ ਪਾਸੋਂ ਕੁਝ ਪ੍ਰਣ ਲੈਂਦਾ ਹੈ ਕਿ ਉਹ ਮਾਸ-ਸ਼ਰਾਬ, ਹਰ ਪ੍ਰਕਾਰ ਦੇ ਵਿਕਾਰਾਂ ਤੇ ਵਿਅਸਨਾਂ ਦਾ ਤਿਆਗ ਕਰੇ। ਨਾਮੁ ਵਰਗੀ ਪਵਿੱਤਰ ਵਸਤੁ ਸਾਫ ਤੇ ਪਵਿੱਤਰ ਤਨ-ਮਨ ਅੰਦਰ ਹੀ ਕਾਇਮ ਰਹਿ ਸਕਦੀ ਹੈ। ਸੋ ਤਨ-ਮਨ ਦਾ ਭਾਂਡਾ ਵੀ ਸ਼ੁੱਧ ਤੇ ਸਾਫ਼ ਹੋਣਾ ਅਤੀ ਆਵੱਸ਼ਕ ਹੈ। ਗੰਧਲੇ ਬਰਤਨ ਅੰਦਰ ਤਾਂ ਦੁੱਧ ਵੀ ਟੁੱਟ ਜਾਂਦਾ ਹੈ, ਇਹ ਤਾਂ ਸਭ ਵਸਤਾਂ ਤੋਂ ਪਵਿੱਤਰ 'ਈਸ਼ਵਰ ਦਾ ਨਾਮੁ ਹੈ। ਅਗਲਾ ਕਦਮ ਹੈ ਗੁਰਸਿੱਖ ਵਾਸਤੇ ਕਿ ਪੰਜਾਂ ਕਕਾਰਾਂ ਨੂੰ ਧਾਰਨ ਕਰਕੇ ਅੰਮ੍ਰਿਤਧਾਰੀ ਹੋਣਾ। ਫਿਰ ਸਣੇ ਕੇਸੀਂ ਇਸ਼ਨਾਨ ਕਰਕੇ ਬਣ ਕੇ ਇਕਾਂਤ ਵਿਚ ਜਾਂ ਸਾਧ-ਸੰਗਤ ਵਿਚਕਾਰ ਆਸਣ-ਇਸਥਿਤ ਹੋ ਕੇ ਆਪਣੀ ਜੀਭ ਅਥਵਾ ਰਸਨਾ ਨਾਲ ਨਾਮ ਜਪਣਾ।

## ਅੰਮ੍ਰਿਤ ਵੇਲਾ, ਸਾਧ-ਸੰਗਤ ਤੇ ਨਾਮ ਸਿਮਰਨ:

ਗੁਰਮਤਿ ਅਨੁਸਾਰ ਅੰਮ੍ਰਿਤ ਵੇਲੇ ਨਾਮੁ ਜੱਪਣ ਦਾ ਵੱਡਾ ਮਹਾਤਮ ਹੈ। ਸੂਰਜ ਉਦੈ ਹੋਣ ਤੋਂ ਸਾਢੇ ਤਿੰਨ ਘੰਟੇ ਪਹਿਲਾਂ ਅੰਮ੍ਰਿਤ ਵੇਲਾ ਪਾਰੰਭ ਹੋ ਜਾਂਦਾ ਹੈ। ਜਾਗਣਾ ਤੇ ਇਸ਼ਨਾਨ ਕਰਨਾ ਅੰਮ੍ਰਿਤ ਵੇਲਾ ਆਰੰਭ ਹੋਣ ਤੋਂ ਵੀ ਪਹਿਲੇ ਦੀਆਂ ਸਰੀਰਕ ਕਿਰਿਆਵਾਂ ਹਨ। ਇਹੀ ਕਾਰਨ ਹੈ ਕਿ 'ਨਾਮ ਸਿਮਰਨ ਦੇ ਜੱਪ-ਪ੍ਰਯੋਗ ਨੂੰ ਆਰੰਭ ਕਰਨ ਦਾ ਸਮਾਂ ਸਤਿਗੁਰਾਂ ਨੇ ਤੜਕੇ ਸਵੇਰੇ ਦੋ ਵਜੇ ਦਾ ਮਿਥਿਆ ਹੈ। ਤਿੰਨ ਵਜੇ ਤੋਂ ਅਗਾਂਹ ਤੇ ਇਹ ਕਦੇ ਵੀ ਟੱਪਣ ਨਹੀਂ ਦਿੱਤਾ ਗਿਆ। ਗੁਰਮਤਿ ਅਨੁਸਾਰ ਸਾਧ-ਸੰਗਤ ਵਿਚ ਸਾਮੂਹਕ ਨਾਮ-ਸਿਮਰਨ ਨੂੰ ਵਧੇਰੇ ਤਰਜੀਹ ਦਿੱਤੀ ਗਈ ਹੈ। ਇਕ ਮਨ-ਇਕਾਗਰ ਚਿੱਤ ਹੋ ਕੇ ਆਪਣੀ ਰਸਨਾ ਨਾਲ ਨਾਮੁ ਸਿਮਰਨ ਕਰਨ ਦਾ ਆਦੇਸ਼ ਹੈ। (ਧਿਆਨ ਸਤਿਗੁਰੂ ਦਾ ਧਰਿਆ ਜਾਵੇ ਤੇ ਕੰਨਾਂ ਨਾਲ ਨਾਮ ਤੇ ਸ਼ਬਦ ਕੀਰਤਨ ਸੁਣਿਆ ਜਾਵੇ)।

## ਨਾਮ ਸਿਮਰਨ ਦੀਆਂ ਅਵਸਥਾਵਾਂ :

ਗੁਰਮਤਿ ਦੇ ਗਿਆਨੀਆਂ ਤੇ ਨਾਮੁ-ਅਭਿਆਸੀਆਂ ਨੇ ਨਿਮਨ-ਲਿਖਿਤ ਅਵਸਥਾਵਾਂ ਦਾ ਉਲੇਖ ਕੀਤਾ ਹੈ। ਇਹ ਉਹ ਸਰੀਰਕ ਤੇ ਮਾਨਸਿਕ ਅਵਸਥਾਵਾਂ ਹਨ ਜਿਨ੍ਹਾਂ ਵਿਚੋਂ ਨਾਮਸਿਮਰਨ ਕਰਨ ਵਾਲੇ ਗੁਰਮੁਖਾਂ ਨੂੰ ਅਕਸਰ ਲੰਘਣਾ ਪੈਂਦਾ ਹੈ। ਵੈਸੇ, ਸਤਿਗੁਰੂ ਕ੍ਰਿਪਾ ਕਰੇ ਤਾਂ ਉਹ ਗੁਰਸਿੱਖ ਨੂੰ ਸਿੱਧੇ ਹੀ ਪੰਜਵੀਂ, ਸਤਵੀਂ ਸਟੇਜ ਤੇ ਪਹੁੰਚਾ ਸਕਦਾ ਹੈ। ਅਤੀ ਮਿਹਰਬਾਨ ਹੋ ਜਾਵੇ ਤਾਂ ਸਤਿਗੁਰੂ ਆਪਣੇ ਸਿੱਖ ਨੂੰ ਸਿੱਧੇ ਹੀ ਅਕਾਲ-ਪੁਰਖੁ ਦੇ ਜਾਂ ਹੋ ਚੁੱਕੇ ਅਵਤਾਰਾਂ ਤੇ ਸਤਿਗੁਰੂਆਂ ਦੇ

ਦਰਸ਼ਨ ਕਰਵਾ ਸਕਦਾ ਹੈਸਾਖਿਆਤ ਵੀ ਅਤੇ ਆਪਣੀ ਦੇਹ ਵਿਚੋਂ ਵੀ। ਇਹ ਸਭ ਕੁਝ ਇਸ ਵਾਸਤੇ ਸੰਭਵ ਹੈ ਕਿਉਂਕਿ ਸਤਿਗੁਰੂ ਦੀ ਦੇਹ "ਨਾਮੁ" ਦੀ ਹੀ ਦੇਹ ਹੁੰਦੀ ਹੈ। ਸਤਿਗੁਰੂ ਆਪ ਨਿਰੰਤਰ ਨਾਮੁ ਜੱਪਦਾ ਹੈ। ਤੇ ਜਪਾਉਂਦਾ ਹੈ, ਆਪ ਮੁਕਤਿ ਹੁੰਦਾ ਹੈ ਤੇ ਆਪਣੇ ਪਿਆਰੇ ਸਿੱਖਾਂ-ਸੇਵਕਾਂ ਨੂੰ ਵੀ ਤਾਰਦਾ ਤੇ ਮੁਕਤ ਕਰਦਾ ਹੈ। ਜੋ ਆਪ ਖੁਦ ਬੰਧਨਮੁਕਤ ਹੈ ਉਹ ਹੀ ਮਨੁੱਖ-ਮਾਤਰ ਤੇ ਹੋਰ ਪ੍ਰਾਣੀਆਂ ਨੂੰ ਮੁਕਤ ਕਰ ਦੇਣ ਦੀ ਸਮਰੱਥਾ ਰੱਖਦਾ ਹੈ। ਗੁਰਬਾਣੀ ਅਨੁਸਾਰ ਤਾਂ

"ਸਤਿਗੁਰ ਮੇਰਾ ਸਰਬ ਪਿਤਪਾਲੇ॥
ਸਤਿਗੁਰ ਮੇਰਾ ਮਾਰ ਜੀਵਾਲੇ॥
ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ॥
ਨਾਨਕ ਸਤਿਗੁਰੁ ਸਿਖ ਕਉ ਸੀਅ ਨਾਲਿ ਸਮਾਰੈ॥"

(ਗਉੜੀ ਸੁਖਮਨੀ ਮ: 5)

ਉਪਰੋਕਤ ਸ਼ਬਦਾਂ ਤੋਂ ਸਪਸ਼ਟ ਹੈ ਕਿ ਨਾਮੁ ਸਿਮਰਨ ਕਰਨ ਵਾਲੇ ਗੁਰਸਿੱਖ ਨੂੰ ਸਤਿਗੁਰੂ ਖੁਦ ਆਪ ਵੀ ਆਪਣੇ ਚੇਤੇ ਵਿਚ ਰੱਖਦਾ ਹੈ ਤੇ ਹਰ ਭੀੜ ਤੇ ਮੁਸੀਬਤ ਸਮੇਂ ਸਿੱਖ ਦੀ ਰੱਖਿਆ ਕਰਦਾ ਹੈ। ਇਨ੍ਹਾਂ ਸਤਰਾਂ ਦੇ ਲੇਖਕ ਸਮੇਤ ਹਜ਼ਾਰਾਂ ਗੁਰਸਿੱਖ ਇਸ ਤੱਥ-ਸੱਚ ਦੀ ਪ੍ਰੋੜਤਾ ਕਰ ਸਕਦੇ ਹਨ ਆਪਣੇ ਜੀਵਨ ਤਜੁਰਬੇ 'ਚੋਂ।

**1. ਬੈਖਰੀ ਸਿਮਰਨ :** ਆਪਣੀ ਜੀਭਾ ਅਥਵਾ ਰਸਨਾ ਦੁਆਰਾ ਪ੍ਰਭੂ ਦੇ ਨਾਮੁ ਦਾ ਸਿਮਰਨ ਜਿਹੜਾ ਕੇਵਲ ਆਪਣੇ ਕੰਨਾਂ ਨੂੰ ਹੀ ਸੁਣਾਈ ਦੇਵੇ। ਕੁਝ ਸੰਪਰਦਾਵਾਂ ਵਿਚ ਉੱਚੀਉੱਚੀ 'ਨਾਮ' ਦਾ ਉਚਾਰਣ ਕੀਤਾ ਜਾਂਦਾ ਹੈ ਪੰਤੂ ਨਾਮਧਾਰੀ ਸਿੱਖ ਪੰਥ ਅੰਦਰ ਇਹ ਰੀਤ ਨਹੀਂ।

**2. ਮੱਧਯਮਾ ਸਿਮਰਨ :** ਜਦੋਂ ਈਸ਼ਵਰ ਦੇ ਨਾਮੁ ਦਾ ਉਚਾਰਣ ਸਾਡੇ ਕੰਠ (ਗਲੇ) 'ਚੋਂ ਨਿਕਲੇ।

**3. ਸੁਰਤੀ ਸਿਮਰਨ :** ਨਾਮੁ ਤੇ ਸੁਰਤੀ ਦੇ ਮੇਲ ਦੁਆਰਾ ਸਿਮਰਨ ਅਥਵਾ ਸ਼ਬਦਸੁਰਤਿ ਦਾ ਅਭਿਆਸੀ।

**4. ਸਵਾਸ-ਸਵਾਸ ਸਿਮਰਨ :** ਉਹ ਅਵਸਥਾ ਜਦੋਂ ਉਠਦਿਆਂ-ਬਹਿੰਦਿਆਂ, ਖਾਂਦਿਆਂ-ਪੀਂਦਿਆਂ, ਸੁਤਿਆਂ-ਜਾਗਦਿਆਂ ਸਾਸ -ਸੂਸ 'ਨਾਮੁ ਦਾ ਜਾਪੁ ਕੀਤਾ ਜਾਵੇ।

**5. ਪਸੰਤੀ (ਪ੍ਰਸ਼ਯੰਤੀ)** ਸਿਮਰਨ ਅਥਵਾ ਹਿਰਦੈ ਸਿਮਰਨ: ਜਦੋਂ ਯਕ- ਦਿਲ ਅਥਵਾ ਇਕ-ਮਨ ਇਕ-ਚਿਤ ਹੋ ਕੇ ਹਿਰਦੇ ਵਿਚੋਂ ਪ੍ਰਭੂ ਦੇ ਨਾਮ ਦਾ ਸਿਮਰਨ ਕੀਤਾ ਜਾਵੇ।

**6. ਅਨਹਦ ਜਾਪ :** ਤਨ-ਮਨ ਦੀ ਉਹ ਅਵਸਥਾ ਜਦੋਂ ਨਿਰ-ਯਤਨ ਹੀ ਨਾਮੁ-. ਸਿਮਰਨ ਚਲਦਾ ਰਹੇ।

**7. ਅਨਹਦ ਨਾਦ:** ਇਹ ਉਹ ਅਣਸਥਾ ਹੈ ਜਦੋਂ ਨਾਮ-ਅਭਿਆਸੀ ਦੇ ਅੰਦਰ ਬਿਨਾਂ ਸਾਜ਼ ਤੋਂ ਨਾਮ ਸਿਮਰਨ ਸੰਗੀਤ ਮਈ ਬਣ ਜਾਵੇ। ਰਾਗ ਸੋਰਠਿ ਅੰਦਰ ਭਗਤ ਨਾਮਦੇਵ ਜੀ ਨੇ ਇਸ ਅਵਸਥਾ ਨੂੰ " ਬਿਨੁ ਸਾਵਣ ਘਨਹਰੁ ਗਾਜੈ॥
ਬਾਦਲ ਬਿਨੁ ਬਰਖਾ ਹੋਈ॥

**8. ਪਰਾ ਜਾਪ:** ਜਦੋਂ ਨਾਮੁਅਭਿਆਸੀ ਦੇ ਰੋਮ-ਰੋਮ ਵਿਚੋਂ 'ਨਾਮ ਦੀ ਧੁਨੀ (ਧੁਨੀ) ਪ੍ਰਗਟ ਹੋਵੇ। ਇਹ ਅਵਸਥਾ ਨਾਮਸਿਮਰਨ ਕਰਨ ਦੀ ਨਿਵੇਕਲੀ ਤੇ ਬਹੁਤ ਹੀ ਉੱਚੀ ਅਵਸਥਾ ਹੈ। ਜਿਸਨੂੰ "ਪੂਰਨ ਸੰਤ ਜਾਂ 'ਪੂਰਨ ਪੁਰਖੁ" ਹੀ ਪ੍ਰਾਪਤ ਕਰਦੇ ਵੇਖੇ-ਸੁਣੇ ਗਏ ਹਨ ਜਿਨ੍ਹਾਂ ਬਾਬਤ ਗੁਰਬਾਣੀ ਇਹ ਸ਼ਾਹਦੀ ਭਰਦੀ ਹੈ:

ਜਿਨਾ ਸਾਸਿ ਗਿਰਾਸਿ ਨ ਵਿਸਰੈ
ਹਰਿ ਨਾਮਾ ਮਨਿ ਮੰਤੁ॥
ਧੰਨ ਸਿ ਸੇਈ ਨਾਨਕਾ ਪੂਰਨ ਸੋਈ ਸੰਤੁ॥

ਸ੍ਰੀ ਭੈਣੀ ਸਾਹਿਬ ਦੇ, ਸਤਿਗੁਰਾਂ ਦੇ ਇਕ ਨਿਕਟਵਾਰਤੀ ਸਿੱਖ ਪਾਸੋਂ ਇਸ ਲੇਖਕ ਨੇ ਸੁਣਿਆ ਸੀ ਕਿ ਇਕ ਵਾਰ ਉਸਨੇ ਅੱਧੀ ਰਾਤ ਤੋਂ ਬਾਅਦ ਸਤਿਗੁਰੂ ਜਗਜੀਤ ਸਿੰਘ ਜੀ ਦੀ ਕੋਠੀ ਅੰਦਰੋਂ ਨਿਰੰਤਰ ਨਾਮੁ-ਸਿਮਰਨ ਕਰਨ ਦੀ ਧੁਨੀ ਸੁਣੀ ਜਦੋਂ ਸਤਿਗੁਰੂ ਜੀ ਬਿਰਾਜੇ (ਸੁੱਤੇ ਹੋਏ ਸਨ ਤੇ ਉਹ ਅਚਾਨਕ ਹੀ ਕੋਠੀ ਅੰਦਰ ਗਿਆ ਸੀ। ਗੁਰਬਾਣੀ ਅੰਦਰ ਜ਼ਿਕਰ ਹੈ- "ਸਤਿਗੁਰ ਜਾਗਤਾ ਹੈ ਦੇਉਂ। ਸਤਿਗੁਰ ਤਾਂ ਸਦਾ ਹੀ ਜਾਗਰਤ ਅਵਸਥਾ ਵਿਚ ਵਿਚਰਦਾ ਹੈ, ਦੇਖਣ ਨੂੰ ਭਾਵੇਂ ਉਹ ਸਾਨੂੰ ਸੁੱਤਾ ਹੋਇਆ ਹੀ ਕਿਉਂ ਨਾ ਨਜ਼ਰੀ ਪਵੇ। ਗੁਰੂ ਨਾਨਕ ਦੇ ਘਰ ਦੀ ਨੌਕਰਾਣੀ ਤੁਲਸਾਂ ਦੀ ਕਥਾ ਲਗਪਗ ਹਰ ਸਿੱਖ ਨੇ ਸੁਣੀ ਹੀ ਹੋਈ ਹੈ। - ਗੁਰੂ ਨਾਨਕ ਦੇਵ ਜੀ ਸਰੀਰ ਪੱਖੋ ਸੁੱਤੇ ਹੋਏ ਵੀ ਸਮੁੰਦਰ ਵਿਚ ਸੰਗਲਾ ਦੀਪ (ਲੰਕਾ) ਵਿਖੇ ਕਿਸੇ ਪ੍ਰੇਮੀ ਸਿੱਖ ਦਾ ਬੇੜਾ ਬੰਨੇ ਲਾ ਰਹੇ ਸੀ। ਇਸੇ ਤਰ੍ਹਾਂ ਸਤਿਗੁਰੂ ਜਗਜੀਤ ਸਿੰਘ ਜੀ ਵੀ ਸੁੱਤਿਆਂ ਜਾਗਦਿਆਂ ਦੇਸ਼ਾਂ-ਪ੍ਰਦੇਸਾਂ ਵਿਚ ਅਕਸਰ ਵਿਚਰਦੇ ਰਹਿੰਦੇ ਸਨ।

## ਨਾਮੁ ਸਿਮਰਨ ਤੇ ਰਿੱਧੀਆਂ-ਸਿੱਧੀਆਂ:

ਗੁਰਬਾਣੀ ਅਨੁਸਾਰ ਰਿੱਧੀਆਂ-ਸਿਧੀਆਂ ਹਰੀ, ਅਕਾਲ ਪੁਰਖੁ ਦੇ ਨਾਮੁ ਦੀਆਂ ਦਾਸੀਆਂ ਹਨ। ਨਾਮੁ ਸਿਮਰਨ ਦੇ ਵੱਡੇ ਅਭਿਆਸੀਆਂ, ਪੂਰਨ ਸੰਤਾਂ-ਮਹਾਂਪੁਰਸ਼ਾਂ ਨੂੰ ਰਿੱਧੀਆਂ-ਸਿੱਧੀਆਂ ਦੀ ਪ੍ਰਾਪਤੀ ਵਾਸਤੇ ਕੋਈ ਵਿਸ਼ੇਸ਼ 'ਤਪ, ਯਤਨ ਨਹੀਂ ਕਰਨੇ ਪੈਂਦੇ ਤੇ ਨਾ ਹੀ ਉਹ ਅਜਿਹਾ ਕੁਝ ਕਰਦੇ ਹਨ। ਉਨ੍ਹਾਂ ਦੇ ਜੀਵਨ ਦਾ ਮਨੋਰਥ ਤਾਂ ਕੇਵਲ ਪਕੁ ਤੇ ਉਹਦੇ ਸਭ ਜੀਵਾਂ ਨੂੰ ਪ੍ਰੇਮ ਕਰਦੇ ਹੋਏ ਈਸ਼ਵਰ ਨਾਲ ਇਕ-ਮਿੱਕ ਹੋਣਾ ਹੁੰਦਾ ਹੈ। ਰੱਬ ਮਿਲ ਗਿਆ ਤਾਂ ਸਭ ਕੁਝ ਪ੍ਰਾਪਤ ਹੋ ਗਿਆ। ਰਿਧੀਆਂ ਸਿੱਧੀਆਂ ਤਾਂ ਸੁੱਤੇ-ਸਿੱਧ ਹੀ ਉਨ੍ਹਾਂ ਦੇ ਦਰ ਦੀਆਂ ਬਰੂਹਾਂ ਤੇ ਦੋਵੇਂ ਹੱਥ ਜੋੜ, ਦਰਬਾਨ ਬਣ ਕੇ ਖੜੀਆਂ ਰਹਿੰਦੀਆਂ ਹਨ। ਉਹ ਜੋ ਕੁਝ ਵੀ ਚਿਤਵਦੇ ਹਨ, ਜੈਸਾ ਚਿਤਵਦੇ ਹਨ, ਤੁਰੰਤ ਪੂਰਾ ਹੋ ਜਾਂਦਾ ਹੈ।

ਸਤਿਗੁਰੂ ਪ੍ਰਤਾਪ ਸਿੰਘ ਜੀ ਅਕਸਰ ਆਖਿਆ ਕਰਦੇ ਸਨ"ਵੱਡਾ ਕਾਕਾ (ਬੇਅੰਤ ਜੀ) ਸਰਬ ਕਲਾ ਸਮਰੱਥ ਹੈ, ਇਹ ਜੋ ਜੋ ਚਿਤਵੇਗਾ, ਪੂਰਾ ਹੋਏਗਾ।" ਸਤਿਗੁਰੂ ਜਗਜੀਤ ਸਿੰਘ ਜੀ ਨੇ ਜਦੋਂ ਨਾਮਧਾਰੀ ਪੰਥ ਦੀ ਵਾਗ-ਡੋਰ ਸੰਭਾਲੀ ਤਾਂ ਪੰਥਕ-ਹਾਲਾਤ ਬੜੇ ਡਾਵਾਂਡੋਲ ਸਨ। ਆਪ ਜੀ ਨੇ ਕੇਵਲ ਤੁਫ਼ਾਨਾਂ ਨੂੰ ਹੀ ਨਹੀਂ ਠੱਲ੍ਹਿਆ, ਸਗੋਂ ਪੰਥ ਨੂੰ ਸਮਾਜਿਕ, ਆਰਥਿਕ, ਵਿਦਿਅਕ, ਮਾਇਕ-ਸਮਰਿਧੀ ਰਾਜਨੀਤਕ, ਆਤਮਿਕ ਤੇ ਆਚਰਣ ਪੱਖੋਂ ਵੀ ਆਪਣੇ ਪੰਥ ਨੂੰ ਮਜ਼ਬੂਤ ਕੀਤਾ। ਗਰੀਬ ਨਾਮਧਾਰੀਆਂ ਪਾਸੋਂ ਭਜਨ-ਬਾਣੀ, ਪਾਠ, ਵਰਨੀਆਂ ਆਦਿ ਕਰਵਾ-ਕਰਵਾ ਕੇ ਉਨ੍ਹਾਂ ਨੂੰ ਉੱਚੇਰੀ-ਵਿਦਿਆ, ਕਾਰਾਂ, ਕੋਠੀਆਂ, ਤੇ ਤੇ ਫੈਕਟਰੀਆਂ ਦੇ ਮਾਲਿਕ ਬਣਾਇਆ ਤੇ ਸਾਰੇ
ਸੰਸਾਰ ਅੰਦਰ ਸਤਿਗੁਰੂ ਰਾਮ ਸਿੰਘ ਜੀ ਦੇ ਨਾਮ ਦਾ ਡੰਕਾ ਵਜਾਇਆ। ਇਹ ਸਭ ਕੁਝ ਸਤਿਗੁਰੂ ਜੀ ਦੇ ਦ੍ਰਿੜ ਇਰਾਦੇ ਅਤੇ ਨਿਰੰਤਰ ਨਾਮ-ਸਿਮਰਨ ਕਰਨ-ਕਰਵਾਉਣ ਸਦਕਾ ਹੀ ਸੰਭਵ ਹੋ ਸਕਿਆ।

## ਨਿਸ਼ਕਾਮ ਨਾਮੁ ਸਿਮਰਨ :

ਚਾਰ ਪਦਾਰਥਾਂ (ਧਰਮ, ਅਰਥ, ਕਾਮ ਜਾਂ ਕਾਮਨਾ ਤੇ ਮੋਕਸ਼ ਜਾਂ ਮੁਕਤੀ) ਦੀ ਪ੍ਰਾਪਤੀ ਵਾਸਤੇ ਵੀ ਈਸ਼ਵਰ ਦੇ ਨਾਮ ਦਾ ਸਿਮਰਨ ਅਕਸਰ ਕੀਤਾ ਜਾਂਦਾ ਹੈ ਜੋ ਸੰਸਾਰਿਕ ਤੇ ਹਿਸਤੀ ਮਨੁੱਖਾਂ ਵਾਸਤੇ ਕਿਸੇ ਹੱਦ ਤੱਕ ਜਾਇਜ਼ ਵੀ ਹੈ ਪਰੰਤੂ ਸਭ ਤੋਂ ਉੱਤਮ ਉਹੀ ਨਾਮੁ ਸਿਮਰਨ ਹੈ ਜੋ ਨਿਸ਼ਕਾਮ ਹੋ ਕੇ ਕੀਤਾ ਜਾਵੇ। ਸ਼੍ਰੋਮਣੀ ਭਗਤ ਕਬੀਰ ਜੀ ਗੁਰਬਾਣੀ ਅੰਦਰ ਫੁਰਮਾਉਂਦੇ ਹਨ : "ਕਾਮ ਨ ਚਾਹੋ ਮੁਕਤਿ ਨ ਚਾਹੋ ਮਨਿ ਪ੍ਰੀਤਿ ਚਰਣ ਕਮਲਾਰੇ॥ ਅਤੇ "ਸੁਰਗਿ ਨਰਕਿ ਤੇ ਮੈਂ ਰਹਿਓ ਸਤਿਗੁਰ ਕੇ ਪ੍ਰਸਾਦਿ॥ ਚਰਨ ਕਮਲ ਕੀ ਮਉਜ ਮਹਿ ਰਹਉ ਅੰਤਿ ਅਰੁ ਆਦਿ।

## ਸਰਬ ਰੋਗੁ ਕਾ ਅਉਖਧੁ ਨਾਮੁ :

ਸਤਿਗੁਰੂ ਅਰਜੁਨ ਦੇਵ ਜੀ ਦੇ ਸ਼ਬਦ-
'ਮੇਰਾ ਬੈਦੁ ਗੁਰੁ ਗੋਬਿੰਦਾ।
ਹਰਿ ਹਰਿ ਨਾਮੁ ਅਉਖਧੁ ਮੁਖਿ ਦੇਵੈ ਕਾਟੈ ਜਮ ਕੀ ਫੰਧਾ॥
ਅਨੁਸਾਰ ਪ੍ਰਭੂ ਦੇ ਨਾਮ ਸਿਮਰਨ ਦੇ ਅਭਿਆਸ ਦੁਆਰਾ ਹਰ ਤਰ੍ਹਾਂ ਦੇ ਕਸ਼ਟ-ਕਲੇਸ਼ਾਂ ਤੋਂ ਅਤੇ ਆਧਿ, ਬਿਆਧਿ, ਉਪਾਧਿ ਦੇ ਦੁੱਖਾਂ ਤੋਂ ਹੀ ਨਹੀਂ ਬਲਕਿ ਜਮਾਂ ਦੀ ਮਾਰ ਤੇ ਫ਼ਾਂਸੀ ਤੋਂ ਵੀ ਛੁਟਕਾਰਾ ਪਾਇਆ ਜਾ ਸਕਦਾ ਹੈ। ਸਤਿਗੁਰੂ ਵੈਦਾਂ ਦਾ ਵੈਦ ਹੈ ਤੇ ਨਾਮੁ ਹੀ ਉਸਦੀ ਦਵਾ ਤੇ ਦੁਆ ਹੈ। ਯਥਾ:
ਦੁਖ ਭੰਜਨ ਤੇਰਾ ਨਾਮ ਜੀ ਦੁਖ ਭੰਜਨੁ ਤੇਰਾ ਨਾਮੁ॥
ਆਠ ਪਹਰ ਆਰਾਧੀਐ ਪੂਰਨ ਸਤਿਗੁਰ ਗਿਆਨ॥

## ਨਾਮ ਬਿਨਾ ਜੋ ਪਹਿਰੈ ਖਾਇ:

ਕਿਉਂਕਿ ਮਨੁੱਖਾ ਜਨਮ ਮਿਲਿਆ ਹੀ ਅਕਾਲਪੁਰਖ ਦਾ ਸਿਮਰਨ ਕਰਨ ਵਾਸਤੇ ਤੇ ਉਸਨੂੰ ਮਿਲਣ ਵਾਸਤੇ ਹੈ ਇਸ ਕਾਰਨ ਜੋ ਪੂਰੇ ਸਤਿਗੁਰੂ ਦੀ ਸੰਗਤ ਤੋਂ ਪਰੇ-ਪਰੇ ਰਹਿ ਕੇ ਜੋ ਕੇਵਲ ਖਾਣ-ਹੰਢਾਉਣ ਤੇ ਮੌਜ-ਮਸਤੀ ਕਰਨ ਵਿਚ ਮਸਰੂਫ਼ ਰਹਿੰਦੇ ਹਨ ਉਹ ਮਨੁੱਖ ਕੁੱਤੇ ਦੀ ਭਾਂਤੀ ਹਨ ਜੋ ਜੂਠ ਖਾ ਖਾ ਕੇ ਢਿੱਡ ਭਰਦੇ ਤੇ ਮਾਰ ਖਾਂਦੇ ਹਨ। ਜਿਨ੍ਹਾਂ ਨੇ ਪਰੀਪੂਰਣ ਪਰਮਾਤਮਾ ਨੂੰ ਵਿਸਾਰਿਆ ਹੋਇਆ ਹੈ, ਉਹ ਵੱਡੇ ਅਭਾਗੇ ਹਨ ਤੇ ਜਿਹੜੇ ਮਨੁੱਖ ਉਹਦੇ ਰੰਗ ਵਿਚ ਰੰਗੇ ਹੋਏ ਹਨ ਉਹੀ ਉਤਮ ਹਨ।

## ਨਾਮੁ ਖੁਮਾਰੀ ਨਾਨਕਾ :

ਈਸ਼ਵਰ ਦੇ ਨਾਮੁ ਦੀ ਖੁਮਾਰੀ ਜਿਨ੍ਹਾਂ ਮਨੁੱਖਾਂ ਨੂੰ ਚੜ੍ਹ ਜਾਂਦੀ ਹੈ ਉਹ ਬਾਕੀ ਸਭ ਪ੍ਰਕਾਰ ਦੇ ਰਸਾਂ-ਕਸਾਂ ਤੋਂ ਸੁਤੰਤਰ ਹੋ ਜਾਂਦੇ ਹਨ। ਉਹ ਕੇਵਲ ਆਪਣੇ ਸਤਿਗੁਰੂ ਦੀ ਬੰਦੀ (ਹੁਕਮ) ਅੰਦਰ ਰਹਿ ਕੇ ਸਭ ਸੁੱਖਾਂ ਦਾ ਆਨੰਦ ਮਾਣਦੇ ਹਨ। ਨਾਮੁ ਦਾ ਰਸੁ ਉਹ ਰਸ ਹੈ ਜਿਹ ਰਸੁ . ਬਿਸਰੁ ਗਏ ਰਸ ਅਉਰ ਉਹ ਮਨੁੱਖ ਪ੍ਰਮਾਤਮਾ ਤੇ ਉਹਦੇ ਨਾਮ ਦੇ ਪਰੇਰੇ ਤੇ ਖਿੱਚੇ ਹੋਏ ਹਰ ਵਕਤ ਨਾਮੁ -ਸਿਮਰਨ ਦੀ ਖੁਮਾਰੀ ਵਿਚ ਹੀ ਰਹਿ ਕੇ ਅਤੀ-ਅਲੌਕਿਕ ਅਤੇ ਅਤੀਵਿਸਮਾਦੀ ਆਨੰਦ ਦੀ ਅਵਸਥਾ ਨੂੰ ਮਾਣਦੇ ਹਨ। ਪਰੰਤੂ ਜੋ ਹਰੀ ਤੇ ਉਹਦੇ ਨਾਮੁ ਨੂੰ ਵਿਸਾਰ ਬੈਠਦੇ ਹਨ ਉਹ ਜਣੇ-ਖਣੇ ਦੇ ਮੁਹਤਾਜ ਹੋ ਜਾਂਦੇ ਹਨ ਤੇ ਦਰ-ਦਰ ਦੀਆਂ ਹੀ ਨਹੀਂ ਜਨਮਾਜਨਮਾਂਤਰਾਂ ਦੀਆਂ ਠੋਕਰਾਂ ਖਾਂਦੇ ਰਹਿੰਦੇ ਹਨ। ਜਿਨ੍ਹਾਂ ਨੇ ਆਪਣੇ ਆਪ ਨੂੰ ਪੂਰੇ ਤੇ ਸੱਚੇ ਸਤਿਗੁਰੂ ਦੇ ਸਪੁਰਦ ਕਰ ਦਿੱਤਾ, ਉਹ ਅਮਰ ਹੋ ਗਏ। ਅੰਤ, ਸਾਨੂੰ ਭਗਤ ਕਬੀਰ ਜੀ ਦੇ ਇਸ ਸ਼ਬਦ ਨਾਲ ਸਹਿਮਤ ਹੋਣਾ ਹੀ ਆਵੱਸ਼ਯਕ ਹੋ ਜਾਂਦਾ ਹੈ:

ਕਬੀਰ ਸੋਈ ਮੁਖੁ ਧੰਨਿ ਹੈ
ਜਾ ਮੁਖੁ ਕਹੀਐ ਰਾਮ॥
ਦੇਹੀ ਕਿਸ ਕੀ ਬਾਪੁਰੀ
ਪਵਿਤੁ ਹੋਇਗੋ ਰਾਮ॥

**ਫਰੀਦਾਬਾਦ, ਹਰਿਆਣਾ.**
**ਸੰਪਰਕ : 9599120028**

**ਸਤਿਜੁਗ ਆਪ ਪੜ੍ਹੋ ਅਤੇ ਬੱਚਿਆਂ ਨੂੰ ਵੀ ਪੜ੍ਹਾਓ।**

# ਇਨਕਲਾਬੀ ਮਹਾਂ ਪੁਰਸ਼ ਦੇ ਚਰਨਾਂ ਵਿੱਚ
## (ਬਾਬਾ ਸੋਹਨ ਸਿੰਘ ਭਕਨਾ ਨਾਲ ਇੱਕ ਮੁਲਾਕਾਤ: ਕਵੀ ਪ੍ਰੀਤਮ ਸਿੰਘ)

ਉਸ ਦਿਨ ਪਹਿਲੀ ਮਈ ਸੀ ।ਮਜ਼ਦੂਰ ਜ਼ਮਾਤ ਦਾ ਕੌਮਾਂਤਰੀ ਏਕਤਾ ਦਾ ਦਿਹਾੜਾ ।ਆਖਰਾਂ ਦੀ ਗਰਮੀ ਸੀ । ਉਡਦੇ ਪੰਛੀ ਰੁੱਖਾਂ ਦੀਆਂ ਸੰਘਣੀਆਂ ਟਾਹਣੀਆਂ ਵਿੱਚ ਪਨਾਹ ਲੈ ਕੇ, ਝੁਜਾਂ ਖੋਹਲੀ ਸੁਖਾਵੇਂ ਸਮੇਂ ਦੀ ਉਡੀਕ ਕਰ ਰਹੇ ਸਨ ।ਮਨੁੱਖ ਵੀ ਛਾਂਵਾਂ ਹੇਠ ਹਾਕਲ ਬਾਕਲ ਹੋਏ ਬੈਠੇ ਸਨ ਕਿ ਮੈਂ ਛਤਰੀ ਦੇ ਸਾਏ ਹੇਠ ਉਸ ਮਹਾਂ ਪੁਰਖ ਦੇ ਖੇਤਾਂ ਵਿੱਚ ਪਹੁੰਚਿਆ ਜਿਸਨੇ ਜ਼ਿੰਦਗੀ ਦੀਆਂ ਛਿਆਨਵੇਂ ਬਹਾਰਾਂ 'ਚੋਂ 76 ਸਮੁੱਚੇ ਤੌਰ 'ਤੇ ਦੇਸ਼ ਦੇ ਲੇਖੇ ਲਾਈਆਂ। ਸੱਚੇ ਅਰਥਾਂ ਵਿੱਚ ਸਵਾਰਥਹੀਨ ਜੀਵਨ ਜੀਵਿਆ ।ਅਮਲੀ ਤੌਰ 'ਤੇ ਸਾਰੀ ਮਨੁੱਖਤਾ ਨੂੰ ਆਪਣਾ ਪਰਿਵਾਰ ਸਮਝਿਆ ।ਆਪਣੇ ਵਾਸਤੇ ਕੋਈ ਟਕਾ ਕਮਾਨ ਦੀ ਥਾਂ ਮਹਾਂ ਜੀਵਨ ਦੇ ਭਲੇ ਅਰਥ ਸਰੀਰਕ ਤੇ ਮਾਨਸਿਕ ਸ਼ਕਤੀ ਨੂੰ ਲੇਖੇ ਲਾਇਆ ।

ਖੇਤਾਂ ਵਿੱਚ ਉਸਦਾ ਨਿੱਕਾ ਜਿਹਾ, ਦੋ ਤਿੰਨ ਕਮਰਿਆਂ ਦਾ ਘਰ ਸੀ ।ਜਿਸ ਦੇ ਦੁਆਲੇ ਕਿਸਾਨ ਕਿਤੇ ਕਿਤੇ ਗਹਾਈ ਵਿੱਚ ਰੁਝੇ ਨਜ਼ਰ ਪੈਂਦੇ ।ਕਿਸੇ ਪਾਣੀ ਲਾਇਆ ਹੋਇਆ ਸੀ ।ਉਸਦੇ ਘਰ ਤੋਂ ਦੱਖਣ ਵਲ ਇੱਕ ਦੋ ਖੇਤਾਂ ਦੇ ਫਾਸਲੇ ਤੇ ਹਾਈ ਸਕੂਲ ਦੀ ਇਮਾਰਤ ਸੀ ਤੇ ਇਹ ਉਸਦੀ ਆਪਣੀ ਜਮੀਨ ਵਿੱਚ ਸੀ, ਜਿਹੜੀ ਉਸਨੇ ਨਵੇਂ ਯੁੱਗ ਦੇ ਆਉਣ ਵਾਲੇ ਬੱਚਿਆਂ ਨੂੰ ਸਮਰਪਣ ਕਰ ਛੱਡੀ, ਤਾਂ ਕਿ ਉਹ ਘੱਟ ਖੇਚਲ ਵਿੱਚ ਵੱਧ ਤੋਂ ਵੱਧ ਪੜ੍ਹਨ।

ਖਾਸਿਓਂ ਉੱਤਰ ਮੈਂ 'ਭਕਨਾ' ਪਿਡ ਦਾ ਪਤਾ ਕਰ ਅਤੇ ਅੱਗੋਂ ਬਾਬਾ ਸੋਹਨ ਸਿੰਘ ਜੀ ਦਾ ਪਤਾ ਪੁੱਛ ਏਥੇ ਪਹੁੰਚਾ ਸਾਂ । ਮੈਂ ਵੇਖਿਆ ਕਿ ਲੋਕਾਂ ਵਿੱਚ ਉਨ੍ਹਾਂ ਦਾ ਕਿੰਨਾ ਸਤਿਕਾਰ ਸੀ ।ਹਰ ਕੋਈ ਅਦਬ ਨਾਲ ਬਾਬਾ ਜੀ ਦਾ ਜਿਕਰ ਕਰਦਾ ।ਇੱਕ ਨੇ ਕਿਹਾ:- ਜੀ, ਉਹ ਹੁਣੇ ਇਸਨਾਨ ਕਰ ਕੇ ਹਟੇ ਨੇ । ਸਵੇਰੇ ਉਨ੍ਹਾਂ ਨੂੰ ਮਿਲਣ ਵਾਸਤੇ ਜਰਮਨੀ ਤੋਂ ਦੋ ਕੁ ਜਣੇ ਆਏ ਸਨ, ਤੁਸੀਂ ਕਿਥੋਂ ਆ ਰਹੇ ਹੋ ?

'ਜਿਲਾ ਹਿਸਾਰ ਦੀ ਤਹਿਸੀਲ ਸਰਸਾ ਵਿੱਚੋਂ' ਦੱਸ ਮੈਂ ਅਗਾਂਹ ਸਰਕ ਗਿਆ ਤੇ ਬਾਬਾ ਜੀ ਦਾ ਜੀਵਨ ਮੇਰੀਆਂ ਅੱਖਾਂ ਅੱਗੇ ਫਿਲਮ ਵਾਂਗ ਘੁੰਮ ਗਿਆ ।**ਅਮਰੀਕਾ ਵਿੱਚ ਰੁਪਏ ਕਮਾਨ ਲਈ ਜਾਣਾ ।ਉਥੋਂ ਦੇਸ਼ ਭਗਤੀ ਦੀ ਕਮਾਈ ਕਰ ਲਿਆਣੀ ।** ਗੁਲਾਮੀ ਨੂੰ ਰੱਬੀ ਨਿਆਮਤ ਸਮਝ ਕੇ ਗਲ ਲਾਈ ਰੱਖਣ ਵਾਲੇ ਬਹੁਤੇ ਭਾਰਤੀਆਂ ਤੇ ਤਰਸ ਆਉਣਾ। ਇਨ੍ਹਾਂ ਨੂੰ ਆਜ਼ਾਦੀ ਦੀ ਸੂਝ ਦੇਣ ਲਈ ਗਦਰ ਪਾਰਟੀ ਦਾ ਆਰੰਭ ਕੀਤਾ । ਸੰਨ 1914 ਵਿੱਚ ਦੇਸ਼ ਭਰ ਵਿੱਚ ਫ਼ੌਜੀ ਬਗ਼ਾਵਤ ਦੇ ਆਧਾਰ 'ਤੇ ਬਰਤਾਨਵੀ ਰਾਜ ਦਾ ਭੋਗ ਪਾ ਦੇਣ ਲਈ ਜਾਨ ਹੂਲਵੀਂ ਮਿਹਨਤ ਕੀਤੀ ।ਅਸਫ਼ਲ ਹੋਣਾ । ਜਹਾਜ਼ੋਂ ਉੱਤਰਦਿਆਂ ਗਿਰਫ਼ਤਾਰੀ ਹੋ ਜਾਣੀ। ਫਾਹੇ ਦੀ ਸਜਾ ਮਿਲਣੀ। ਦੇਸ਼ ਦੇ ਚੋਟੀ ਦੇ ਸਿਆਣੇ ਵਕੀਲਾਂ ਦੇ ਯਤਨਾਂ ਨਾਲ ਬਾਬਾ ਜੀ ਅਤੇ ਇਨ੍ਹਾਂ ਦੇ ਸਾਥੀਆਂ ਦੀ ਸਜ਼ਾ ਤਾਂ ਜ਼ਿੰਦਗੀ ਕਾਲੇ ਪਾਣੀਆਂ ਵਿੱਚ ਤਬਦੀਲ ਹੋ ਜਾਣੀ ।ਭੁਖ ਹੜਤਾਲਾਂ ਕਰਨੀਆਂ । ਜੇਲਾਂ ਵਿੱਚ ਮਨੁੱਖੀ ਅਧਿਕਾਰਾਂ ਲਈ ਲੜਨਾ। ਕਾਂਗਰਸ ਵਿੱਚ ਆਉਣਾ ਤੇ ਫਿਰ ਇਸ ਨੂੰ ਧਨਾਢਾਂ ਦੀ ਪਾਰਟੀ ਸਮਝ ਕੇ ਕਮਿਊਨਿਸਟਾਂ ਲਈ ਆਪਣੇ ਘਰ ਦਰ ਖੋਲ੍ਹਣੇ ਤੇ ਅਨੇਕਾਂ ਵਾਰ ਕਮਿਊਨਿਸਟ ਹੋਣ ਦੇ ਅਪਰਾਧ ਵਿੱਚ ਜੇਲ੍ਹ ਜਾਣਾ, ਨਜ਼ਰ ਬੰਦ ਹੋਣਾ ਤੇ ਭੁਖ ਹੜਤਾਲਾਂ ਕਰਨੀਆਂ ਪਰ ਇਸ ਵਿਸ਼ਵਾਸ ਨੂੰ ਇੱਕ ਪਲ ਵੀ ਨਾ ਤਿਆਗਣਾ ਕਿ ਦੇਸ਼ ਅਤੇ ਦੁਨੀਆ ਵਿੱਚ ਸਤਿਜੁਗ ਨੂੰ ਸਥਾਪਿਤ ਕਰਨਾ ਹੈ ।ਪਰ ਇਨਸਾਨ ਲਈ ਰੋਜ਼ੀ ਰੋਟੀ ਤੇ ਰਿਹਾਇਸ਼ ਦਾ ਪ੍ਰਬੰਧ ਜ਼ਰੂਰੀ ਫ਼ਰਜ਼ ਹੋਏ ਸਰਕਾਰਾਂ ਦਾ ।ਮਨੁੱਖ ਦਾ ਬੱਚਾ ਖੁੱਲੀਆਂ ਪੌਣਾ ਵਿੱਚ,ਚੰਗੇ ਉਚੇ ਮਿਆਰ ਨਾਲ ਆਨੰਦ ਮਾਣੇ ਤੇ ਹਰ ਪਾਸੇ ਸੁੱਖ ਸ਼ਾਂਤੀ ਤੇ ਸਮਰਿਧੀ ਹੋਵੇ ।ਅਜਿਹੀਆਂ ਸੋਚਾਂ ਵਿੱਚ ਪਿਆ ਬਾਬਾ ਸੋਹਨ ਸਿੰਘ ਜੀ ਦੀ ਸਿਮਰਤੀ ਵਿੱਚ ਮੇਰਾ ਮਨ ਸ਼ਰਧਾ ਨਾਲ ਭਰ ਗਿਆ ਤੇ ਜਦੋਂ ਮੈਂ ਉਨ੍ਹਾਂ ਦੇ ਘਰ ਤੇ ਨਿੱਕੀ ਨਿੱਕੀ ਵਲਗਣ ਵਾਲੇ ਇਹਾਤੇ ਵਿੱਚ ਦਾਖਲ ਹੋਇਆ। ਦੂਰੋਂ ਹੀ ਉਹ ਮੈਨੂੰ ਮੰਜੇ ਤੇ ਬੈਠੇ ਨਜ਼ਰ ਪਏ ਉੱਜਲੇ ਉੱਜਲੇ ਮਹਾਨ-ਮਹਾਨ। ਸਫ਼ੈਦ ਬਸਤਰ ਤੇ ਕੇਸ ਜਿਵੇਂ ਉਹ ਫਰਿਸ਼ਤੇ ਹੀ ਉੱਤਰੇ ਹੋਣ ਤੇ ਮੈਨੂੰ ਯਾਦ ਆਇਆ, ਉਸ ਦਿਨ ਜਲੰਧਰ ਦੇ ਦੇਸ਼ ਭਗਤ ਹਾਲ ਦੇ ਇਹਾਤੇ ਵਿੱਚ ਅਮਨ ਸੰਬੰਧੀ ਹੋਈ ਇੱਕਤ੍ਰਤਾ ਨੂੰ ਸੰਬੋਧਨ ਕਰਨ ਸਮੇਂ ਵੀ ਆਪ ਇਵੇਂ ਦੇ ਹੀ ਸਨ ।ਮੈਨੂੰ ਦੂਰੋਂ ਆਉਂਦਿਆਂ ਵੇਖਕੇ ਆਪ ਨੇ ਕਿਹਾ ਸੀ : ਦੇਸ਼ ਭਗਤੋ ! ਸਾਹਮਣੇ ਆ ਰਹੇ ਸੱਜਣ ਨੂੰ ਵੇਖ ਕੇ ਮੈਨੂੰ ਸਭ ਤੋਂ ਪਹਿਲਾਂ ਦੇਸ਼ ਭਗਤਾਂ ਦਾ ਸਨਮਾਨ ਕਰਨਾ ਬਣਦਾ ਹੈ । ਅੰਗਰੇਜ ਨੂੰ ਲੋਕਾਂ ਜਦੋਂ ਆਪਣੀ ਕਿਸਮਤ ਦਾ ਖੁਦਾ ਸਮਝ ਰੱਖਿਆ ਸੀ, ਉਦੋਂ ਨਾਮਧਾਰੀਆਂ ਨੇ ਹੀ ਉਨ੍ਹਾਂ ਨੂੰ ਸੱਚੀ ਆਜਾਦੀ ਦਾ ਸੰਦੇਸ਼ ਦਿੱਤਾ ਸੀ । ਮੈਂ ਆਪ 11 ਸਾਲ ਇਸ ਸੰਗਤ ਵਿੱਚ ਬਿਤਾਏ ਹਨ ਅਤੇ ਦੇਸ਼ ਭਗਤੀ ਦੀ ਲਗਨ ਇਨ੍ਹਾਂ ਤੋਂ ਹੀ ਲਈ ਹੈ ।।

(ਇਸ ਮੌਕੇ 'ਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਮਹਾਰਤਜਾ ਬੀਰ ਸਿੰਘ ਜੀ ਨੇ ਵੀ ਬਾਅਦ ਵਿੱਚ ਦਰਸ਼ਨ ਦੇਣ ਦੀ ਕਿਰਪਾ ਕੀਤੀ ਸੀ।)

ਮੈਂ ਆਗਿਆ ਲੈ ਕੇ ਅੰਦਰ ਗਿਆ। ਹਥਲਾ ਸਮਾਨ ਇੱਕ ਪਾਸੇ ਟਿਕਾ ਕੇ ਬਾਬਾ ਜੀ ਨੂੰ ਨਮਸਕਾਰ ਕੀਤੀ। ਉਹ ਸਾਹਮਣੇ ਚਲਦੀ ਬੰਬੀ ਦਾ ਪਾਣੀ ਨੋਟ ਕਰ ਰਹੇ ਸਨ ਤਾਂ ਕਿ ਦੂਜੇ ਕਿਸਾਨਾਂ ਦਾ ਪਰਸਪਰ ਰੌਲਾ ਜਾਂ ਝਗੜਾ ਨਾ ਵਧੇ ।ਆਪਣਾ ਬੱਚਾ ਜਾਣ ਕੇ ਹੀ ਉਨ੍ਹਾਂ ਮੇਰੀ ਖਾਣ ਪੀਣ ਦੀ ਲੋੜ ਪੁੱਛੀ ਤੇ ਕਾਰਣ ਜਾਣਿਆ ਇਸ ਵੇਲੇ ਦੁਪਹਿਰੇ ਖੇਚਲ ਕਰਨ ਦਾ ।

ਜਦੋਂ ਸ੍ਰੀ ਮਹਾਰਾਜ ਬੀਰ ਸਿੰਘ ਜੀ ਨੇ ਇਸ ਫੈਸਲੇ ਤੇ ਮੋਹਰ ਲਾਈ ਸੀ ਕਿ ਇਸ ਵਾਰ 'ਸਤਿਜੁਗ' ਦਾ 'ਗੁਰੂ ਹਰੀ ਸਿੰਘ ਅੰਕ' ਪ੍ਰਕਾਸ਼ਿਤ ਕੀਤਾ ਜਾਏ। ਉਦੋਂ ਹੀ ਮੈਂ ਬਾਬਾ ਸੋਹਨ ਸਿੰਘ ਜੀ ਦੇ ਦਰਸ਼ਨਾਂ ਦੀ ਤਜਵੀਜ਼ ਬਚਣਾ ਲਈ ਸੀ ।ਕਿਉਕਿ ਮੈਨੂੰ ਖਿਆਲ ਸੀ ਕਿ ਆਪ ਨੇ ਗੁਰੂ ਹਰੀ ਸਿੰਘ ਜੀ ਦੇ ਦਰਸ਼ਨ ਅਵੱਸ਼ ਕੀਤੇ ਹੋਣਗੇ ।

ਸੁਹਣਾ ਰੰਗ । ਚਾਂਦੀ ਚਮਕਦਾ ਦਰਮਿਆਨਾ ਦਾਹੜਾ । ਲੰਮੇ ਚੌੜੇ ਚਿਤੰਨ ਕੰਨ । ਡੂੰਘੀਆਂ ਅੱਖਾਂ, ਦੂਰ ਦੀ ਸੋਝੀ ਵਾਲੀਆਂ ਨਜਰਾਂ। ਲੰਬੂਤਰਾ ਚਿਹਰਾ। ਚਮਕਦਾਰ ਦੰਦ। ਟੁਣਕਦੀ ਆਵਾਜ। ਮਿੱਠਾ ਕਤਾਬੀ ਸ਼ਬਦਾਂ ਵਰਗਾ ਬੋਲ ਚਾਲ । ਬਾਬਾ ਜੀ ਨੂੰ ਤੱਕ ਮੈਨੂੰ ਆਨੰਦ ਆ ਗਿਆ ।ਤੇ ਸਮੁੱਚੀ ਮਾਨਵਤਾ ਦੇ ਇਸ ਸ਼ੁੱਭ ਇੱਛਕ ਲਈ ਪਿਤਾਵਾਂ ਵਰਗਾ ਪਿਆਰ ਮੇਰੇ ਅੰਦਰ ਜਾਗਿਆ ।

ਬਾਬਾ ਜੀ ਦੱਸਿਆ ਕਿ ਉਹ ਪਹਿਲਾਂ ਪਹਿਲ ਨਾਮਧਾਰੀ ਸੰਗਤ ਵਿੱਚ ਬਾਬਾ ਕੇਸਰ ਜੀ ਦੇ ਪ੍ਰਭਾਵ ਹੇਠ ਆਏ।ਉਨ੍ਹੀਂ ਦਿਨੀ ਸ੍ਰੀ ਮਾਨ ਸੰਤ ਕੇਸਰ ਸਿੰਘ ਮੁਹਾਵੇ ਵਾਲਿਆਂ ਦਾ ਜਪ ਤਪ ਤੇ ਭਗਤੀ ਸਿੱਖਰਾਂ ਨੂੰ ਛੂੰਹਦੀ ਸੀ । ਉਨ੍ਹਾਂ ਹੀ ਸਤਿਗੁਰੂ ਹਰੀ ਸਿੰਘ ਜੀ ਦੇ ਦਰਸ਼ਨਾਂ ਦਾ ਅਵਸਰ ਪੈਦਾ ਕੀਤਾ ।

**ਸਵਾਲ:** ਆਪ ਦੀ ਆਯੂ ਕਿਤਨੀ ਕੁ ਹੋਵੇਗੀ ਜਦੋਂ ਆਪ ਠਾਕੁਰ ਜੀ (ਬਾਬਾ ਕੇਸਰ ਸਿੰਘ ਮੁਹਾਵੇ ਵਾਲੇ) ਨੂੰ ਮਿਲੇ ?

**ਬਾਬਾ ਜੀ:** ਮੇਰਾ 1870 ਈ. ਦਾ ਜਨਮ ਹੈ । ਸੰਨ 1896 ਈ. ਨੂੰ ਮੈਂ ਬਾਬਾ ਕੇਸਰ ਜੀ ਨੂੰ ਮਿਲਿਆਂ ਹਾਂ ।ਜਦੋਂ ਗੁਰੂ ਹਰੀ ਸਿੰਘ ਜੀ ਗੁਜਰੇ ਤਦ ਤਕ ਮੈਨੂੰ 36 ਕੁ ਸਾਲ ਹੋ ਗਏ ਸਨ ।10 ਕੁ ਸਾਲ ਬਾਬਾ ਕੇਸਰ ਜੀ ਨਾਲ ਜਾ ਰਲਿਆਂ ਵੀ, ਮਹਾਰਾਜ ਜੀ ਦੇ ਦਰਸ਼ਨ ਕਰਨ ਦਾ ਸਮਾਂ ਮਿਲਿਆ। ਮੈਂ ਕਰੀਬ 20 ਕੁ ਵਾਰੀ ਸਤਿਗੁਰਾਂ ਦੇ ਦਰਸ਼ਨ ਕੀਤੇ ਹੋਣਗੇ।

**ਸਵਾਲ:** ਸਤਿਗੁਰੂ ਜੀ ਦਾ ਦਰਸ਼ਨ ਕਰਨ, ਜਦੋਂ ਆਪ ਜਾਂਦੇ ਤਾਂ ਆਪ ਜੀ ਨੂੰ ਉਹ ਕਿਵੇਂ ਦੇ ਲੱਗਦੇ ।

**ਬਾਬਾ ਜੀ :** ਬੜੇ ਸ਼ਾਂਤ ਅਤੇ ਗੰਭੀਰ ਸੁਭਾਅ ਵਾਲੇ । ਡਾਢਾ ਪਿਆਰ ਕਰਨ ਵਾਲੇ । ਸਤਿਗੁਰੂ ਪ੍ਰਤਾਪ ਸਿੰਘ ਜੀ ਵਾਂਗ ਉਨ੍ਹਾਂ ਦੇ ਚਿਹਰੇ ਤੇ ਮਾਤਾ ਦੇ ਦਾਗ ਉਘੜੇ ਹੋਏ ਨਹੀਂ ਸਨ। ਕੱਦ ਅਤੇ ਸਰੀਰ ਦਰਮਿਆਨਾ ਸੀ, ਸਫੈਦ ਬਸਤਰ ਪਹਿਰਿਆ ਕਰਦੇ ਸਤਿਗੁਰੂ ਰਾਮ ਸਿੰਘ ਜੀ ਵਾਂਗ ਹੀ ਉਨ੍ਹਾਂ ਸੰਗਤ ਨੂੰ ਇੱਕਤ੍ਰ ਰੱਖਿਆ ਤੇ ਲੰਗਰ ਚਲਾਇਆ ।

**ਸਵਾਲ:** ਸਤਿਗੁਰੂ ਰਾਮ ਸਿੰਘ ਜੀ ਦਾ ਕੀਤਾ ਕੋਈ ਬਚਨ ਯਾਦ ਹੋਵੇ ।

**ਬਾਬਾ ਜੀ:** ਮੇਰਾ ਜੀਵਨ ਅਮਰੀਕਾ ਵਿੱਚ ਜਾਣ ਬਾਦ, ਗੁਰੂ ਰਾਮ ਸਿੰਘ ਜੀ ਵਾਲੇ ਆਦਰਸ਼- ਦੇਸ਼ ਨੂੰ ਸੁਤੰਤਰ ਕਰਾਣਾ, ਮਾਨਵ ਮਾਰਗ ਵਿੱਚ ਸ਼ਾਂਤੀ ਤੇ ਸਮਰਿਧੀ ਦਾ ਪੈਦਾ ਕਰਨਾ - ਨੂੰ ਪੂਰੀ ਤਰ੍ਹਾਂ ਸਮਰਪਿਤ ਹੋ ਗਿਆ ।

ਸਾਰਾ ਜੀਵਨ ਹੀ ਜੱਦੋਂ-ਜਹਿਦ ਵਿੱਚ ਲੱਗਿਆ ਰਿਹਾ ਹੈ। ਬਹੁਤ ਸਾਰੀਆਂ ਗੱਲਾਂ ਅੱਜ ਧਿਆਨ ਵਿੱਚ ਨਹੀਂ, ਪਰ ਇੱਕ ਬਚਨ ਤਾਂ ਉਨ੍ਹਾਂ ਦਾ ਮੇਰਾ ਪ੍ਰੇਰਣਾ ਸੂਤਰ ਹੈ। ਆਪ ਜੀ ਕਿਹਾ ਕਰਦੇ ਸਨ ਕਿ ਸਤਿਜੁਗ ਲੱਗ ਰਿਹਾ ਹੈ ।ਕਲਿਜੁਗ ਦੀ ਸਫ ਵਲ੍ਹੇਟੀ ਜਾ ਰਹੀ ਹੈ। ਮੈਂ ਦੇਖ ਰਿਹਾ ਹਾਂ ਕਿ ਹੁਣ ਮਾਇਆ ਦਾ ਯੁੱਗ ਅੰਤਿਮ ਪੜਾ 'ਤੇ ਹੈ, ਰੱਬੀ ਯੁੱਗ ਮਨੁੱਖ ਮਾਤਰ ਨੂੰ ਇੱਕੋ ਨੂਰ ਦਾ ਅੰਸ਼ ਮੰਨਣ ਵਾਲਾ ਯੁੱਗ ਆ ਰਿਹਾ ਹੈ ।

**ਸਵਾਲ :** ਕੀ ਆਪ ਜੀ ਨੂੰ ਸ੍ਰੀ ਭੈਣੀ ਸਾਹਿਬ ਗਿਆਂ ਸਤਿਗੁਰੂ ਹਰੀ ਸਿੰਘ ਜੀ ਦੇ ਦਰਸ਼ਨਾਂ ਬਾਰੇ ਕੁਛ ਯਾਦ ਹੈ?

**ਬਾਬਾ ਜੀ:** ਹਾਂ ਹੈ । ਮਹਾਰਾਜ ਜੀ ਦੇ ਅੰਤਿਮ ਤਿੰਨ ਸਾਲਾਂ ਵਿੱਚ ਨੇਤਰ ਬੰਦ ਰਹੇ। ਆਪ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦਾ ਵੈਰਾਗ ਬਹੁਤ ਅਨੁਭਵ ਕੀਤਾ। ਮੈਂ ਸ੍ਰੀ ਠਾਕੁਰ ਜੀ ਦੇ ਕਹਿਣ ਤੇ ਨੇਤਰਾਂ ਦਾ ਪਤਾ ਕਰਨ ਲਈ ਭੈਣੀ ਸਾਹਿਬ ਗਿਆ। ਮਹਾਰਾਜ ਜੀ ਆਪਣੇ ਚੁਬਾਰੇ ਉੱਤੇ ਦਰਸ਼ਨ ਦੇ ਰਹੇ ਸਨ। ਮੈਨੂੰ ਇੱਕਲਿਆਂ ਪਾ ਕੇ ਠਾਕੁਰ ਜੀ ਅਤੇ ਹੋਰ ਸਾਰੇ ਇਲਾਕਿਆਂ ਦੀ ਸੁੱਖ ਸਾਂਦ ਪੁੱਛਕੇ ਉਨ੍ਹਾਂ ਆਪਣੇ ਮਨ ਦੀ ਗੱਲ ਦੱਸੀ, ਜਿਸ ਤੋਂ ਉਨ੍ਹਾਂ ਦੀ ਮਾਨਸਿਕ ਦਸ਼ਾ ਵਿੱਚ ਕੁਝ ਤਣਾਓ ਨਜ਼ਰ ਪੈਂਦਾ ਸੀ ।... ਆਪ ਜੀ ਦਾ ਮੇਰੇ ਨਾਲ ਕਾਫ਼ੀ ਸਨੇਹ ਸੀ। ਇੱਕ ਵਾਰ ਇਸ ਤੋਂ ਪਹਿਲਾਂ, ਮੈਂ ਅਤੇ ਭਾਈ ਹਰਨਾਮ ਸਿੰਘ ਚਵਿੰਡੇ ਵਾਲੇ ਮਹਾਰਾਜ ਜੀ ਦੇ ਦਰਸ਼ਨਾਂ ਨੂੰ ਗਏ ਤਾਂ ਨਾਲ ਕੇਸਰ ਜੀ ਵੀ ਸਨ। ਸ੍ਰੀ ਸਤਿਗੁਰੂ ਜੀ ਬਹੁਤ ਸਤਿਕਾਰ ਕਰਦੇ ।ਉਨ੍ਹਾਂ ਨੂੰ ਆਪ ਬ੍ਰਹਮ ਗਿਆਨੀ ਸਮਝਿਆ ਕਰਦੇ ਸਨ ।

**ਸਵਾਲ:** ਨਾਮਧਾਰੀ ਸੰਗਤ ਵਿੱਚੋਂ ਆਪ ਨੂੰ ਕੀ ਪ੍ਰਾਪਤ ਹੋਇਆ ?

**ਬਾਬਾ ਜੀ :** ਅੱਜ ਭਾਂਵੇਂ ਹਾਲਾਤ ਹੋਰ ਹਨ ।ਪਰ ਮੈਂ ਜੀਵਨ ਦੀ ਬੁਨਿਆਦੀ ਸੂਝ ਨਾਮਧਾਰੀ ਸੰਗਤ ਵਿੱਚੋਂ ਹੀ ਹਾਸਿਲ ਕੀਤੀ ਹੈ ।ਉੱਚਾ-ਸਦਾਚਾਰ, ਸਾਧ ਸੰਗਤ ਦੀ ਸੇਵਾ, ਮਹਾਨ- ਜੀਵਨ ਵਿੱਚ ਵਿਸ਼ਵਾਸ ।ਇਨ੍ਹਾਂ ਤਿੰਨ੍ਹਾਂ ਚੀਜਾਂ ਨੂੰ ਘੁੱਟ ਕੇ ਫੜੀ ਰੱਖਣ ਨਾਲ ਮੈਨੂੰ ਹਰ ਤਰ੍ਹਾਂ ਮਾਨਸਿਕ ਤਸੱਲੀ ਹੈ। ਸਾਰਾ ਵਿਸ਼ਵ ਆਪਣਾ ਹੀ ਜਾਪਦਾ ਹੈ ।ਜੇ ਵੀਅਤਨਾਮ ਵਿੱਚ ਨਿਹੱਥਿਆਂ ਲੋਕਾਂ ਅਤੇ ਮਾਸੂਮ ਬੱਚਿਆਂ 'ਤੇ ਅਮਰੀਕੀ ਬੰਬ ਵਰਦੇ ਹਨ ਤਾਂ ਮੇਰੀ ਆਤਮਾ ਇੱਥੇ ਕਲਵਲ ਹੋ ਉੱਠਦੀ ਹੈ। ਜੇ ਅਮਰੀਕੀ ਜੰਗਬਾਜ਼ ਜ਼ੋਰ ਜ਼ਬਰੀ ਮੁਦਾਖਲਤ ਕਰਕੇ ਵੀਅਤਨਾਮ ਦਾ ਜੀਵਨ ਬਰਬਾਦ ਕਰਦੇ ਹਨ ਤਾਂ ਉਹ ਵੀ ਵਿਗੜੇ ਹੋਏ ਤੇ ਮੂਰਖ ਬੱਚੇ ਵੀ ਆਪਣੇ ਹੀ ਲੱਗਦੇ ਹਨ। ਇਹਨਾਂ ਵਾਸਤੇ ਤਰਸ ਆਉਂਦਾ ਹੈ ਦੂਜਿਆਂ ਵਾਸਤੇ ਗੁੱਸਾ। ਪਰ ਮਹਾ-ਜੀਵਨ ਦਾ ਭੋਗ ਹੋਣ ਕੇ ਉਨ੍ਹਾਂ ਦੀ ਬਣਤਰ ਤਾਂ ਇੱਕੋ ਲਹੂ ਮਿੱਟੀ ਦੀ ਹੀ ਹੈ ।

ਬਾਬਾ ਜੀ ਜ਼ਰਾ ਕੁ ਮੁਸਕਰਾ ਪਏ ਤੇ ਮੈਨੂੰ ਪੂਰੀ ਤਰ੍ਹਾਂ ਨਾਮਧਾਰੀ ਨੁਮਾਇੰਦਾ ਜਾਣ ਕੇ ਕਹਿਣ ਲੱਗੇ :

ਮੈਂ ਭਾਂਵੇ ਹੁਣ ਮਾਲਾ ਤਾਂ ਨਹੀਂ ਫੇਰਦਾ ਪਹਿਲਾਂ ਵਾਂਗ। ਮਹਾਂ ਜੀਵਨ ਦੀ ਦ੍ਰਿਸ਼ਟੀ ਮੈਂ ਨਾਮਧਾਰੀ ਸੰਗਤ ਪਾਸੋਂ ਹੀ ਪਰਾਪਤ ਕੀਤੀ। ਮੈਂ ਸਤਿਗੁਰੂ ਹਰੀ ਸਿੰਘ ਜੀ ਦਾ ਏਨਾਂ ਰਿਣੀ ਹਾਂ ਕਿ ਉਹ ਰਿਣ ਮੈਥੋਂ ਅਦਾ ਹੋ ਹੀ ਨਹੀਂ ਸਕਦਾ। ਨਾਮਧਾਰੀਆਂ ਦੇ ਹੋਲੇ ਅਤੇ ਮੇਲੇ ਹੀ ਐਸੇ ਇਕੱਠ ਸਨ ਜਿੰਨ੍ਹਾਂ 'ਤੇ ਹਰ ਧਰਮ ਤੇ ਰਾਇ ਦੇ ਲੋਕੀਂ ਮੰਡਨ ਰੂਪ ਵਿੱਚ ਆਪਣੇ ਵਿੱਚਾਰ ਦੱਸ ਸਕਦੇ ਸਨ। ਸਮੁੱਚੇ ਲੋਕਾਂ ਨੂੰ ਨਾਮਧਾਰੀਆਂ ਦੇ ਮੇਲਿਆਂ 'ਤੇ ਜਾ ਕੇ ਕਾਫ਼ੀ ਤਹਲੀ ਹੁੰਦੀ ।

ਉਸ ਸਾਲ ਮਾਨਾਵਾਲਾਂ ਸਰਦਾਰਾਂ ਦਾ ਹੋਲਾ ਸੀ। ਇਧਰ ਅਸੀਂ ਭਕਨਾ ਵਾਸੀ ਨਾਮਧਾਰੀਆਂ ਵੀ ਆਰੰਭ ਰਚਾ ਲਿਆ। ਪਰ ਸਤਿਗੁਰੂ ਜੀ ਤੋਂ ਅਜੇ ਆਗਿਆ ਨਹੀਂ ਸੀ ਲਈ ਗਈ। ਸਤਿਗੁਰੂ ਜੀ ਮਾਨਾਂਵਾਲੇ ਜਾਣ ਲਈ ਅੰਮ੍ਰਿਤਸਰ ਪਹੁੰਚੇ। ਤਾਂ ਪਿੰਡ ਦੇ ਸਾਥੀਆਂ ਨਾਲ ਮੈਂ ਵੀ ਜਾ ਦਰਸ਼ਨ ਕੀਤੇ। ਠਾਕੁਰ ਜੀ ਦੀ ਪ੍ਰੇਰਣਾ ਨਾਲ ਲੰਗਰ ਦੀ ਭੇਟਾ (101) ਪਹਿਲਾਂ ਨਾਲ ਲੈ ਲਈ। ਮਹਾਰਾਜ ਜੀ ਨੂੰ ਅਰਜ਼ ਕੀਤੀ ਆਪ ਪਹਿਲਾਂ ਭਕਨੇ ਦਰਸ਼ਨ ਦੇ ਕੇ ਮਾਨਾਂਵਾਲੇ ਪਧਾਰਿਓ। ਲੰਗਰ ਦੀ ਭੇਟਾ ਧਰ ਦਿੱਤੀ। ਸਤਿਗੁਰੂ ਜੀ ਨੇ ਥਾਪੜਾ ਦੇ ਕੇ ਕਿਹਾ ਤੂੰ ਤਾਂ ਠੀਕ ਕਰ ਦਿੱਤਾ ਹੈ, ਪਰ ਮੈਂ ਮਾਨਾਂਵਾਲੇ ਦੇ ਮੇਲੇ ਤੋਂ ਬਾਦ ਹੀ ਆਵਾਂਗਾ। ਉਨ੍ਹਾਂ ਪਾਸ ਪਹਿਲਾਂ ਪਹੁੰਚਣ ਦਾ ਬਚਨ ਦਿੱਤਾ ਗਿਆ ਏ ।

ਬਾਬਾ ਜੀ ਸੁਭਾਵਕ ਹੀ ਜ਼ਿਕਰ ਕੀਤਾ ਕਿ ਉਸ ਵੇਲੇ ਗਹਿਣੇ ਧਰੀ ਚਾਰ ਘੁਮਾਂ ਜ਼ਮੀਨ ਅਜੇ ਗਹਿਣੇ ਹੀ ਚਲੀ ਆ ਰਹੀ ਹੈ ।

ਮੇਰਾ ਢਿੱਡ ਖਾਲੀ ਹੋ ਗਿਆ ਸੀ ।ਮੈਂ ਕਿਹਾ ਕਿ ਜੇ ਬਾਬਾ ਜੀ ਵੀ ਪ੍ਰਸ਼ਾਦ ਛਕਣਾ ਹੋਵੇ ਤਾਂ? ਉਨ੍ਹਾਂ ਚਿਰ ਉਨ੍ਹਾਂ ਦੀ ਸਵਰਗਵਾਸੀ ਸਪੁੱਤਰੀ ਦੀ ਭਨੇਵੀਂ ਦੋਹਾਂ ਥਾਲੀਆਂ ਵਿੱਚ ਲੰਗਰ ਪਰੋਸ ਲਿਆਈ। ਉਨ੍ਹਾਂ ਖ਼ੂਬ ਚਬਾ-ਚਬਾ ਕੇ ਪ੍ਰਸ਼ਾਦ ਛਕਿਆ ਤੇ ਮੇਨੂੰ ਇੰਝ ਪ੍ਰਤੀਤ ਹੋਇਆ ਜਿਵੇਂ ਮੈਂ ਆਪਣੇ ਨਾਮਧਾਰੀ ਦਾਦਾ ਨਾਲ ਰੋਟੀ ਖਾਣ ਦਾ ਰਸ ਮਾਣ ਰਿਹਾ ਹੋਵਾਂ ।

ਥੋੜ੍ਹੇ ਤੋਂ ਥੋੜ੍ਹਾ ਵਕਤ ਸਿਆਣੇ ਲੋਕ ਕਿਵੇਂ ਵਰਤਦੇ ਹਨ, ਇਸਦਾ ਮੈਨੂੰ ਅੱਜ 1॥ ਘੰਟੀ ਮੁਲਾਕਾਤ ਵੇਲੇ ਪਤਾ ਲੱਗਿਆ ਪ੍ਰਸ਼ਾਦ ਛਕਦਿਆਂ ਹੀ ਬਾਬਾ ਸੋਹਨ ਸਿੰਘ ਜੀ ਨੇ ਪਹਿਲ ਕੀਤੀ:- ਅਸੀਂ ਇਨਕਲਾਬੀ ਤਹਿਰੀਕ ਨੂੰ 1857 ਤੋਂ ਚੱਲਦਿਆਂ ਗਿਣਦੇ ਹਾਂ ਪਰ ਇਸ ਆਜ਼ਾਦੀ ਦੀ ਲੜਾਈ ਰਾਜੇ ਮਹਾਰਾਜਿਆਂ ਦੇ ਹੱਥ ਸੀ, ਫੇਰ ਉੱਠੀ ਨਾਮਧਾਰੀ ਤਹਿਰੀਕ ਜਿਸਦੇ ਆਗੂ ਸਤਿਗੁਰੂ ਰਾਮ ਸਿੰਘ ਜੀ ਆਪ ਇੱਕ ਕਿਰਤੀ ਸਨ ਤੇ ਜਿਨ੍ਹਾਂ ਦੇ ਹੋਰ ਸਾਥੀ ਵੀ ਸਾਧਾਰਨ ਲੋਕ ਤੇ ਦਸਾਂ ਨੌਹਾਂ ਦੀ ਕਿਰਤ ਕਰਨ ਵਾਲੇ ਸਨ। ਏਸ ਦੀ ਉੱਚੀ ਮਿਸਾਲ ਕੇਵਲ ਗੁਰੂ ਗੋਬਿੰਦ ਸਿੰਘ ਜੀ ਨਾਲ ਦਿੱਤੀ ਜਾ ਸਕਦੀ ਹੈ। ਜ਼ਰਾ ਕਿਆਸ ਕਰੋ, ਉਨ੍ਹਾਂ ਨਾਮਧਾਰੀਆਂ ਦੇ ਉੱਚੇ ਆਚਰਨ ਤੇ ਲੰਬਾਈ ਤਬਹ ਦਾ, ਕਿਵੇਂ ਹੱਥ ਪਿੱਛੇ ਬਨ੍ਹਾਏ ਬਿਨਾਂ ਤੋਪਾ ਅੱਗੇ ਉੱਡ ਗਏ। ਤੀਜਾ ਦੌਰ 1907 ਵਿੱਚ ਆਇਆ ਜੋ ਕਨੂੰਨੀ ਜੱਦੋ-ਜਹਿਦ ਦੇ ਰਾਹ 'ਤੇ ਸ਼ੁਰੂ ਹੋਇਆ। ਆਜ਼ਾਦੀ ਦੀ ਜੰਗ ਦਾ ਸਮੁੱਚੀ ਤਾਰੀਖ਼ ਦਾ ਬਿਆਨ ਕਰਦਿਆਂ ਆਪ ਜੀ ਨੇ ਮਹਾਤਮਾ ਗਾਂਧੀ ਦੇ ਕਿਰਦਾਰ ਬਾਰੇ ਬੇ-ਝਿਜਕ ਦੱਸਿਆ- ਗਾਂਧੀ ਜੀ ਦਾ ਵੱਡਾ ਨੁਕਸ ਇਹ ਸੀ ਕਿ ਉਹ ਲੜਾਈ ਨੂੰ ਹੀ ਅਹਿੰਸਕ ਦੱਸਦੇ ਰਹੇ। ਪਰ ਆਪ ਹਮੇਸ਼ਾ ਹਿੰਸਕ ਵਿਦੇਸ਼ੀਆਂ ਦੀ ਮਦਦ ਕਰਦੇ ਰਹੇ। ਜੇ ਸੱਚ ਪੁੱਛੋ ਤਾ ਗਾਂਧੀ ਜੀ ਜੇਡਾ ਪਾਖੰਡੀ ਆਦਮੀ ਸਾਡੇ ਸਮੇਂ ਵਿੱਚ ਹੋਰ ਕੋਈ ਨਹੀਂ ਹੋਣਾ ।

ਨਾਮਧਾਰੀਆਂ ਬਾਰੇ ਮੈਂ ਇੱਕ ਗੱਲ ਹੋਰ ਕਰਨਾ ਚਾਹੁੰਦਾ ਹਾਂ। ਮੈਂ ਨਾਮਧਾਰੀਆਂ ਵਿੱਚ ਅਥਾਹ ਪ੍ਰੇਮ ਅਤੇ ਕੁਰਬਾਨੀ ਦਾ ਜ਼ਜ਼ਬਾ ਵੇਖਿਆ। ਮਹਾਰਾਜ ਜੀ ਜਿਨ੍ਹਾਂ ਦੇਸ਼ ਭਗਤੀ ਦਾ ਬੀਜ ਬੀਜਿਆ, ਅੱਜ ਮੈਨੂੰ ਉਨ੍ਹਾਂ ਪ੍ਰਫੁੱਲਤ ਨਹੀਂ ਲੱਗਦਾ, ਭਾਵੇਂ ਸੱਚ-ਮੁੱਚ ਸਰਲਤਾ ਸਾਦਗੀ ਅੱਜ ਵੀ ਇਨ੍ਹਾਂ ਵਿੱਚ ਸਭ ਤੋਂ ਵਧੇਰੇ ਹੈ। ਮੇਰਾ ਵਿਸ਼ਵਾਸ ਹੈ ਕਿ ਦੇਸ਼ ਵਿੱਚ ਭ੍ਰਿਸ਼ਟਾਚਾਰ, ਬੇ-ਉਮੀਦ ਅਤੇ ਖੋਹਾ ਮੋਹੀ ਦਾ ਵਾਤਾਵਰਨ ਖ਼ਤਮ ਕਰਨ ਲਈ ਨਾਮਧਾਰੀਆਂ ਨੂੰ ਅੱਗੇ ਆਉਣ ਦੀ ਲੋੜ ਹੈ। ਮੇਰਾ ਦ੍ਰਿੜ ਵਿਸ਼ਵਾਸ ਹੈ ਕਿ ਵਰਤਮਾਨ ਸਤਿਗੁਰੂ ਜਿਵੇਂ

**(ਬਾਕੀ ਸਫ਼ਾ 25 'ਤੇ).........**

# ਲੰਮੀ ਉਮਰ ਦੀ ਸਮੱਸਿਆ ਦੇ ਕੁਝ ਪੱਖ

✍-{ਵਿਕਤਰ ਕੋਚੇਰੇਜ਼ਕਿਨ, ਐਮ. ਐਸ. ਸੀ.}

ਅਜਿਹੇ ਕਈ ਪ੍ਰਾਚੀਨ ਕਿੱਸੇ ਕਹਾਣੀਆਂ ਮਸ਼ਹੂਰ ਹਨ ਕਿ ਮਨੁੱਖ ਨੇ ਆਪਣੀ ਉਮਰ ਲੰਮੀ ਕਰਨ ਲਈ, ਸੋਹਣੀ ਖਿੜਦੀ ਮਹਿਕਦੀ ਜੁਆਨੀ, ਇੱਥੋਂ ਤੱਕ ਕਿ ਅਮਰ ਜੀਵਨ ਦੀ ਪ੍ਰਾਪਤੀ ਲਈ ਵੀ ਜਤਨ ਸਿੱਖੇ। ਮਨੁੱਖ ਕਿਸੇ ਅਕਸੀਰ ਦੀ ਭਾਲ ਕਰਦਾ ਰਿਹਾ, ਜੋ ਉਹਦੇ ਮਨ ਦੀ ਇੱਛਾ ਪੂਰੀ ਕਰ ਸਕੇ। ਮਨੁੱਖ-ਜਾਤੀ ਜੁਗਾਂ ਤੋਂ ਉਹ ਸਾਧਨ ਦੇ ਢੰਗ ਲੱਭਣ ਦੇ ਜਤਨ ਕਰਦੀ ਰਹੀ ਹੈ, ਜੋ ਉਮਰੋਂ ਪਹਿਲਾਂ ਬੁੱਢੇ ਹੋਣ ਦੇ ਅਮਲ ਤੇ ਮੌਤ ਨਾਲ ਘੁਲ ਸਕਣ, ਬੁਢਾਪੇ ਨੂੰ ਪਿਛੇ ਪਾਉਣ ਤੇ ਲੰਮੀ ਉਮਰ ਬਖ਼ਸ਼ਣ। ਪਰ ਕੁਦਰਤ ਵਿੱਚ ਕੁਝ ਵੀ ਖਲੋਤਾ ਹੋਇਆ ਤੇ ਅਹਿੱਲ ਨਹੀਂ। ਇਹ ਕੁਦਰਤ ਦਾ ਅਸੂਲ ਹੈ ਕਿ ਹਰ ਚੀਜ਼ ਨੇ ਇੱਕ ਦਿਨ ਮਰਣਾ ਮੁੱਕਣਾ ਅਤੇ ਇਹਨੇ ਨਵੇਂ ਨੂੰ ਜਨਮ ਦੇਣਾ ਹੈ- ਜ਼ਿੰਦਗੀ ਦੀ ਇਹ ਕਹਾਣੀ ਇਵੇਂ ਅਟੁੱਟ ਚੱਲੀ ਜਾਣੀ ਹੈ। ਮਨੁੱਖ ਹਰ ਜਿਉਂਦੇ-ਜਾਗਦੇ ਸਰੀਰ ਵਾਂਗ ਫ਼ਾਨੀ ਨਾਮ-ਵੰਦ ਹੈ।

ਹੁਣ ਇਹ ਸਵਾਲ ਪੁੱਛਿਆ ਜਾ ਸਕਦਾ ਹੈ: ਕੀ ਲੰਮੀ ਉਮਰ ਲਈ ਘੁਲਿਆ ਜਾ ਸਕਦਾ ਹੈ? ਮਨੁੱਖੀ ਇਤਿਹਾਸ ਵਿੱਚ ਪਹਿਲੀ ਵਾਰ ਇਹ ਮਸਲਾ ਸਫ਼ਲਤਾ-ਪੂਰਵਕ ਨਜਿੱਠਿਆ ਜਾ ਰਿਹਾ ਹੈ। ਸੋਵੀਅਤ ਯੂਨਿਅਨ ਇਹਦੀ ਇੱਕ ਸ਼ਾਨਦਾਰ ਮਿਸਾਲ ਹੈ।

ਮਨੁੱਖ ਦੀ ਉਮਰ ਦੀ ਔਸਤ ਉਮਰ ਦਾ ਨਿਰਭਰ ਪੈਦਾਵਾਰੀ ਸ਼ਕਤੀਆਂ ਤੇ ਸੱਭਿਆਚਾਰ ਦੇ ਵਿਕਾਸ ਦੀ ਪੱਧਰ ਉੱਤੇ, ਵਿਆਪਕ ਸਮਾਜਕ ਤੇ ਆਰਥਕ ਹਾਲਾਤਾਂ ਉੱਤੇ ਹੈ।

### ਲੰਮੀ ਉਮਰ ਵਾਲਿਆਂ ਦਾ ਦੇਸ਼

ਯੂਰਪ ਵਿੱਚ ਉਮਰ ਦੀ ਔਸਤ ਮੁੱਦਤ ਸੋਲ੍ਹਵੀਂ ਸਦੀ ਵਿਚ 21 ਸਾਲ, ਅਠ੍ਹਾਰਵੀਂ ਸਦੀ ਵਿੱਚ 16 ਸਾਲ ਅਤੇ ਉਨ੍ਹੀਵੀਂ ਸਦੀ ਵਿੱਚ 34 ਸਾਲ ਸੀ। ਪਰ ਮਨੁੱਖ ਦੀ ਉਮਰ ਦੀ ਔਸਤ ਮੁੱਦਤ ਦੇ ਹਿਸਾਬ ਨਾਲ ਹੋਰ ਕੋਈ ਵੀ ਦੇਸ਼ ਸੋਵੀਅਤ ਯੂਨੀਅਨ ਦਾ ਮੁਕਾਬਲਾ ਨਹੀਂ ਕਰ ਸਕਦਾ।

ਇਨਕਲਾਬੋਂ ਪਹਿਲੇ ਰੂਸ ਵਿੱਚ ਜਿੱਥੇ ਔਸਤ ਉਮਰ 32-33 ਵਰ੍ਹੇ ਸੀ, ਉਥੇ ਹੁਣ ਵੱਧ ਕੇ ਕੋਈ 70 ਸਾਲ ਹੋ ਗਈ ਹੈ। ਇੰਝ 1917 ਪਿੱਛੋਂ ਸੋਵੀਅਤ ਰਾਜ ਸਮੇਂ ਔਸਤ ਉਮਰ ਦੂਣੀ ਨਾਲੋਂ ਵੀ ਬਹੁਤੀ ਹੋ ਗਈ ਹੈ।

ਸੋਵੀਅਤ ਯੂਨੀਅਨ ਨੂੰ ਠੀਕ ਹੀ ਲੰਮੀ ਉਮਰ ਦਾ ਦੇਸ਼ ਕਿਹਾ ਜਾਂਦਾ ਹੈ। ਖਾਰਕੋਵ ਯੂਨਿਵਰਸਿਟੀ ਨੇ ਇਸ ਸੰਬੰਧ ਵਿੱਚ ਰਿਕਾਰਡ ਰੱਖਿਆ ਹੋਇਆ ਹੈ - ਸੋਵੀਅਤ ਯੂਨੀਅਨ ਵਿੱਚ ਸੌ ਸਾਲ ਤੋਂ ਬਹੁਤੀ ਉਮਰ ਵਾਲੇ ਲੋਕਾਂ ਦੀ ਗਿਣਤੀ ਕੋਈ 40,000 ਹੈ ਤੇ ਇਹ ਲੋਕ ਸਿਰਫ਼ ਦੱਖਣ ਦੇ ਧੁਪਲੇ ਇਲਾਕਿਆਂ ਵਿੱਚ ਹੀ ਨਹੀਂ, ਸਗੋਂ ਦੇਸ਼ ਦੇ ਹਰ ਹਿੱਸੇ ਵਿੱਚ ਮਿਲਦੇ ਹਨ, ਇੱਥੋਂ ਤੱਕ ਕਿ ਧੁਰ ਉੱਤਰ ਦੇ ਬਰਫ਼ਾਨੀ ਇਲਾਕਿਆਂ ਵਿੱਚ ਵੀ।

ਸੋਵੀਅਤ ਰਾਜ-ਸਮੇਂ ਵਿੱਚ ਪੈਦਾ ਇਸ ਦੀ ਸ਼ਰ੍ਹਾ ਵਧ ਕੇ ਚੌਣੀ (ਤੀਹ ਲੱਖ ਸਲਾਨਾ), ਹੋ ਗਈ ਹੈ ਜਦ ਕਿ ਸ਼ਰ੍ਹਾ ਮੌਤ ਸੱਤ ਗੁਣਾਂ ਘੱਟ ਗਈ ਹੈ।

ਸੋਵੀਅਤ ਲੋਕਾਂ ਦਾ ਜੀਵਨ ਮਿਆਰ ਲੰਮੀਆਂ-ਲੰਮੀਆਂ ਪੁਲਾਂਘਾਂ ਭਰਦਿਆਂ ਬੜੀ ਤੇਜ਼ੀ ਨਾਲ ਉੱਚਾ ਹੋ ਰਿਹਾ ਹੈ। ਸੋਵੀਅਤ ਵੈਦਿਕ-ਵਿਗਿਆਨੀਆਂ ਦੀਆਂ ਪ੍ਰਾਪਤੀਆਂ ਸਦਕਾ ਦੇਸ਼ ਵਿੱਚੋਂ ਕਈ ਖ਼ਤਰਨਾਕ ਬਿਮਾਰੀਆਂ ਦਾ ਨਾਂ-ਨਿਸ਼ਾਨ ਤੱਕ ਮਿਟਾਇਆ ਜਾ ਚੁੱਕਿਆ ਹੈ, ਤੇ ਇਸ ਤਰ੍ਹਾਂ ਮਨੁੱਖ ਦੀ ਜਿੰਦਗੀ ਲੰਮੀ ਕਰਨ ਲਈ ਸੁਖਾਵੀਆਂ ਹਾਲਤਾਂ ਦੀ ਸਿਰਜਣਾ ਕੀਤੀ ਗਈ ਹੈ।

ਬੁਢਾਪਾ ਆਉਣ ਦੇ ਕਾਰਨਾਂ ਬਾਰੇ ਕਈ ਸਿਧਾਂਤ ਪੇਸ਼ ਕੀਤੇ ਗਏ ਹਨ ਤੇ ਇਹਦਾ ਅਮਲ ਰੋਕਣ ਦੇ ਵੀ ਅਨੇਕਾਂ ਜਤਨ ਹੋਏ ਹਨ।

ਇਸ ਸਦੀ ਦੇ ਸ਼ੁਰੂ ਵਿੱਚ "ਕਾਇਆ-ਪਲਟਾ" ਦੇ ਸਨਸਨੀਖੇਜ਼ ਤਜ਼ਰਬੇ ਕੀਤੇ ਗਏ, ਜਿਨ੍ਹਾਂ ਨੇ ਲੋਕਾਂ ਦੀਆਂ ਆਸਾਂ ਪੂਰੀਆਂ ਨਾ ਕੀਤੀਆਂ, ਕਿਉਂ ਜੁ ਇਹਨਾਂ ਦਾ ਅਸਰ ਸਿਰਫ਼ ਆਰਜ਼ੀ ਹੋਇਆ, ਤੇ ਕੁਝ ਦੇਰ ਪਿੱਛੋਂ ਤਾਂ "ਕਾਇਆ-ਕਲਪ" ਕਰਵਾਣ ਵਾਲੇ ਦੀ ਹਾਲਤ ਅੱਗੇ ਨਾਲੋਂ ਵੀ ਨਿਘਰ ਗਈ।

### ਲੱਸੀ ਦਾ ਕਮਾਲ

ਉੱਘਾ ਰੂਸੀ ਜੀਵ-ਵਿਗਿਆਨੀ ਇਲੀਆ ਮੈਚਨੀਕੋਵ ਪਹਿਲਾ ਆਦਮੀ ਸੀ ਜਿਸ ਨੇ ਲੰਮੀ ਉਮਰ ਦੇ ਮਸਲੇ ਵੱਲ ਵਿਗਿਆਨ ਪਹੁੰਚ ਤੋਂ ਕੰਮ ਲਿਆ। ਉਸਨੇ ਬੁੱਢਾ ਹੋਣ ਦੇ ਅਮਲ ਨੂੰ ਰੋਗ ਸਮਝਿਆ, ਜਿਸਦਾ ਮੁਕਾਬਲਾ ਸੁਚੱਜਤਾ ਤੇ ਗਿਆਨ ਨਾਲ ਕੀਤਾ ਜਾਣਾ ਚਾਹੀਦਾ ਹੈ।

ਮੈਚਨੀਕੋਵ ਨੇ ਦੱਸਿਆ ਕਿ ਬੁਢਾਪੇ ਤੇ ਮੌਤ ਦਾ ਕਾਰਣ ਇਹ ਹੈ ਕਿ ਸਰੀਰ ਦੀਆਂ ਵੱਡੀਆਂ ਅੰਤੜੀਆਂ ਵਿੱਚ ਜੀਵਾਣੂਆਂ ਦੀ ਸਰਗਰਮੀ ਦੀਆਂ ਉਪਜਾਂ ਨਾਲ ਸਰੀਰ ਆਪਣੇ ਆਪ ਹੀ ਜ਼ਹਿਰੀਲਾ ਬਣਦਾ ਹੈ। ਉਸਨੇ ਸੁਝਾਅ ਦਿੱਤਾ ਕਿ ਲੱਸੀ ਵਿੱਚ ਮੌਜੂਦ ਲੈਕਟਿਕ-ਐਸਿਡ ਨਾਲ ਅੰਤੜਿਆਂ ਨੂੰ ਇਸ ਵਿਹੁਲੇ ਅਸਰ ਤੋਂ ਪਾਕ-ਸਾਫ਼ ਕੀਤਾ ਜਾ ਸਕਦਾ ਹੈ।

### ਕੇਂਦਰੀ ਤੰਤੂ ਪ੍ਰਬੰਧ ਦਾ ਰੋਲ

ਲੰਮੀ ਉਮਰ ਦੀ ਪ੍ਰਾਪਤੀ ਦੇ ਘੋਲ ਵਿੱਚ ਕੇਂਦਰੀ ਤੰਤੂ-ਪ੍ਰਬੰਧ ਬਹੁਤ ਹੀ ਮਹੱਤਵ-ਪੂਰਨ ਰੋਲ ਅਦਾ ਕਰਦਾ ਹੈ। ਇਸ ਸੰਬੰਧ ਵਿੱਚ ਅਕਾਡਮਿਸ਼ਨ ਇਵਾਨ ਪਾਵਲੋਵ ਨੇ ਗਿਆਨ ਵਿੱਚ ਜੋ ਵਾਧਾ ਕੀਤਾ ਹੈ, ਉਹਦੀ ਮਹਾਨਤਾ ਨੂੰ ਵਧਾ ਕੇ ਦੱਸਣਾ ਮੁਸ਼ਕਿਲ ਹੈ।

ਪਾਵਲੋਵ ਦੇ ਵਿਚਾਰ ਅਨੁਸਾਰ, ਕੇਦਂਰੀ ਤੰਤੂ ਪ੍ਰਬੰਧ, ਜਿਹੜਾ ਸਰੀਰ ਦੇ ਸਭਨਾਂ ਅੰਗਾ ਦੇ ਕਾਰਜਾਂ ਨੂੰ ਕੰਟਰੋਲ ਕਰਦਾ ਹੈ ਅਤੇ ਅਨੇਕਾਂ ਬਿਮਾਰੀਆਂ ਤੋਂ ਇਹਦੀ ਰੱਖਿਆ ਕਰਦਾ ਹੈ। ਮਨੁੱਖ ਦੀ ਸਿਹਤ ਤੇ ਉਮਰ ਦੀ ਮੁੱਦਤ ਮਿਥਣ ਵਿਚ ਇੱਕ ਬੁਨਿਆਦੀ ਅਨਸਰ ਹੈ।

ਉਮਰੋਂ ਪਹਿਲਾਂ ਬੁੱਢਾ ਹੋਣ ਦੇ ਕਾਰਨਾਂ ਦਾ ਆਮ ਤੋਰ ਤੇ ਤੰਤੂ -ਪ੍ਰਬੰਧ ਵਿੱਚ ਵਿਗਾੜ, ਦਿਲ ਦੇ ਅਹਾਰ-ਪਚਾਈ ਦੇ ਨਜਾਮ ਵਿੱਚ ਗੜਬੜ ਨਾਲ ਸਬੰਧਤ ਹੈ, ਲਹੂ ਦਾ ਬਹੁਤਾ ਦਬਾਉ ਵੀ ਇਹਦਾ ਕਾਰਨ ਬਣਦਾ ਹੈ।

ਆਪਣੀਆਂ ਭਾਵਨਾਵਾਂ ਤੇ ਜਜ਼ਬਿਆਂ ਨੂੰ ਕਾਬੂ ਰੱਖਣ ਦੀ ਮਹਾਨਤਾ ਉੱਤੇ ਜ਼ੋਰ ਦਿੰਦਿਆ ਅਕਾਡਮਿਸ਼ਨ ਅਲੈਗਜਾਦੂਰ ਬੋਰੋਮੋਲੇਤਸ ਨੇ ਕਿਹਾ ਹੈ ਕਿ "ਹੱਦੋਂ ਵੱਧ ਚਿੜਚਿੜਾਪਨ ਸਾਡੀ ਜ਼ਿੰਦਗੀ ਦੀ ਮੁੱਦਤ ਘਟਾ ਦਿੰਦਾ ਹੈ।" ਇਸ ਤਰ੍ਹਾਂ ਲੰਮੀ ਉਮਰ ਦਾ ਮਸਲਾ ਨਜਿੱਠਣ ਦੇ ਸੰਬੰਧ ਵਿਚ ਮਨ ਦੀ ਮਹਾਨਤਾ ਵੀ ਉਘੜ ਕੇ ਸਾਹਮਣੇ ਆ ਜਾਂਦੀ ਹੈ। ਜ਼ਿੰਦਗੀ ਨੂੰ ਤਾਲ ਵਿੱਚ ਰੱਖਣ ਦੀ ਮਹਤੱਤਾ ਨੂੰ ਸਮਝਣਾ ਬਹੁਤ ਜ਼ਰੂਰੀ ਹੈ।

### ਰਚਣੇਈ ਘਾਲਨਾਂ

ਮਨੁੱਖ ਦੀ ਰਚਣੇਈ ਘਾਲਣਾ ਲੰਮੀ ਤੇ ਅਰੋਗ ਜ਼ਿੰਦਗੀ ਯਕੀਨੀ ਬਣਾਉਣ ਵਾਲਾ ਇੱਕ ਬੁਨਿਆਦੀ ਅਨਸਰ ਹੈ। ਇਹ ਭੁੱਲਣਾ ਨਹੀਂ ਚਾਹੀਦਾ ਕਿ ਜ਼ਿੰਦਗੀ ਆਪਣੇ ਆਪ ਵਿੱਚ ਹੀ ਇੱਕ ਅਰੁਕ ਸਰਗਰਮੀ ਹੈ। ਦਿਲਚਸਪੀ ਤੇ ਲਾਭਦਾਇਕ ਕ੍ਰਿਤ ਨਿਰਸੰਦੇਹ ਹੀ ਮਨੁੱਖ ਦੀ ਉਮਰ ਦੀ ਮੁੱਦਤ ਵਧਾਉਣ ਵਿੱਚ ਸਹਾਈ ਹੁੰਦੀ ਹੈ। ਆਵਾਰਾਗਰਦ ਤੇ ਨਿਕੰਮੇ ਲੰਮੀ ਉਮਰ ਭੋਗਣ ਵਾਲੇ ਨਹੀਂ ਹੁੰਦੇ।

ਸਰੀਰਕ ਕੰਮ ਕਰਨ ਵਾਲਾ ਮਾਨਸਕ ਕੰਮ ਕਰਕੇ ਅਤੇ ਮਾਨਸਕ ਕੰਮ ਕਰਨ ਵਾਲਾ ਸਰੀਰਕ ਕੰਮ ਕਰਕੇ ਆਪਣੇ ਤੰਤੂ ਪ੍ਰਬੰਧ ਤੇ ਆਹਾਰ ਪਚਾਈ ਦੇ ਨਾਜ਼ਾਮ ਨੂੰ ਠੀਕ ਹਾਲਤ ਵਿੱਚ ਰੱਖ ਸਕਦਾ ਹੈ। ਦਿਲ-ਪਰਚਾਵੇ ਤੇ ਖੁਰਾਕ ਵੱਲ ਵੀ ਲੋੜੀਂਦਾ ਧਿਆਨ ਦੇਣ ਦੀ ਬਹੁਤ ਮਹਾਨਤਾ ਹੈ।

### ਬਹੁਤਾ ਖਾਣਾ ਹਾਨੀ ਕਾਰਕ ਹੈ

ਜਿਨ੍ਹਾਂ ਲੋਕਾਂ ਦਾ ਇਹ ਖਿਆਲ ਹੈ ਕਿ ਬਹੁਤਾ ਖਾਣਾ ਸਿਹਤ ਲਈ ਜ਼ਰੂਰੀ ਹੈ ਉਹ ਭੁੱਲਦੇ ਹਨ। ਸਗੋਂ, ਇਹਦੇ ਉਲਟ, ਬੰਦੇ ਨੂੰ ਥੋੜੀ ਭੁੱਖ ਰੱਖ ਕੇ ਆਪਣਾ ਭੋਜਨ ਮੁਕਾਉਣਾ ਚਾਹੀਦਾ ਹੈ, ਇਹਦੇ ਸਿੱਟੇ ਵਜੋਂ ਚੰਗੇਰੀ ਭੁੱਖ ਲੱਗਦੀ ਤੇ ਸਵਾਦ ਵੱਧਦਾ ਹੈ। ਇਹ ਗੱਲ ਨਹੀਂ ਭੁੱਲਣੀ ਚਾਹੀਦੀ ਕਿ ਲੋੜੋਂ ਘੱਟ ਖਾਣ ਨਾਲ ਓਨਾ ਨੁਕਸਾਨ ਨਹੀਂ ਹੁੰਦਾ ਜਿਨਾਂ ਲੋੜੋਂ ਵੱਧ ਖਾਣ ਨਾਲ ਹੁੰਦਾ ਹੈ।

ਉਪਰੋਕਤ ਗੱਲਾਂ ਤੋਂ ਬਿਨਾਂ ਦਵਾ ਦਾਰੂ ਰਾਹੀਂ ਵੀ ਲੰਮੀ ਉਮਰ ਭੋਗਣ ਵਿੱਚ ਮਦਦ ਲਈ ਜਾ ਸਕਦੀ ਹੈ। ਵਿਟਾਮੀਨ, ਐਂਟੀਬਾਇਉਟਿਕ, ਹਾਰਮੋਨ ਆਦਿ ਬੁੱਢਾ ਹੋਣ ਦੇ ਅਮਲ ਨੂੰ ਰੋਕਣ ਵਿੱਚ ਸਾਡੇ ਸਹਾਈ ਹੁੰਦੇ ਹਨ।

ਇੱਥੇ ਉਸ ਖੋਜ ਦਾ ਸ਼ਿਕਾਰ ਕਰਨਾ ਵੀ ਕੁਥਾਂ ਨਹੀਂ ਹੋਵੇਗਾ ਜੋ ਮੌਤ ਦੇ ਮੂੰਹ ਚੋਂ ਕੱਢਣ ਤੇ ਮੁੜ ਜ਼ਿੰਦਗੀ ਬਖ਼ਸ਼ਣ ਦੇ ਸੰਬੰਧ ਵਿੱਚ ਕੀਤੀ ਜਾ ਰਹੀ ਹੈ, ਜਿਸਦਾ ਮੁੱਢ ਪ੍ਰੋਫੈਸਰ ਨੇਗੋਵਸਕੀ ਨੇ ਬੱਧਾ ਸੀ। ਹਜ਼ਾਰ-ਹੀ ਲੋਕਾਂ ਨੂੰ ਜੀਵਨ ਬਖਸ਼ਿਆ ਜਾ ਚੁੱਕਾ ਹੈ।

ਅੱਧਖੜ ਤੇ ਵੱਡੀ ਉਮਰ ਦੇ ਲੋਕਾਂ ਦੀ ਮੌਤ ਦਾ ਇੱਕ ਵੱਡਾ ਕਾਰਨ ਦਿਲ ਦੀ ਕ੍ਰਿਆ ਵਿੱਚ ਨੁਕਸ ਪੈ ਜਾਣਾ ਹੈ। ਇਸ ਸੰਬੰਧ ਵਿੱਚ ਮਾਸਕੋ ਦੇ ਸਰਜ਼ਨ ਵਲਾਦੀ ਮੀਰ ਦੇਮੀਖੋਵ ਦੇ ਤਜ਼ਰਬੇ ਬੜੇ ਦਿਲਚਸਪ ਤੇ ਧਿਆਨ ਯੋਗ ਹਨ। ਉਹਨਾਂ ਨੇ ਦਿਲ ਤੇ ਫੇਫੜੇ ਲਾਉਣ ਦੇ ਕਈ ਸਫ਼ਲ ਤਜ਼ਰਬੇ ਕੀਤੇ ਹਨ।

ਉਹ ਦਿਨ ਬਹੁਤ ਦੂਰ ਨਹੀਂ ਜਦੋਂ ਵਿਗਿਆਨ ਸਾਰੀਆਂ ਬਿਮਾਰੀਆਂ ਦਾ ਖ਼ਾਤਮਾ ਕਰ ਦੇਵੇਗਾ ਤੇ ਪੂਰੀ ਮਨੁੱਖ ਜਾਤੀ ਲਈ ਰਚਣੇਈ ਜ਼ਿੰਦਗੀ ਬਣਾ ਦੇਵੇਗਾ।

# Let us practice

( Ajit Singh Namdhari)

Sri Satguru Jagjit Singh Ji left this mortal world on 13th of December 2012. His Holiness attained the Guru ship on 23rd of August, 1959 and remained a source of enlightenment for us and his admirers for more than 53 years.

He was a savior of great Sikh traditions, an apostle of peace, harbinger of downtrodden, mentor of youth, guide for politicians, academicians and scholars, source of inspiration for the famous musicians in the world, torch bearer of vegetarianism and intoxicants free society and a path setter for millions of thousands of his followers and admirers around the world.

Be it preservations of rituals and cultural values of Sikhism, Naam Simaran/ meditation & recitation of Shudh ( errorless) recitation of Gurbani, Akhand Varni ( 24 x 365 ) at Sri Bhaini Sahib and many other places, performing Havan Yagya or doing Path & Akhand Path of Adi Sri Guru Granth Sahib and Sri Dassam Granth Sahib, preaching and practice of Gurmat Shastri Sangeet and establishment of Namdhari Kala Kendra's, setup of educational institutions in India and abroad, creation of Namdhari Hockey team, publication of Namdhari Sikh History and establishing Satguru Ram Singh chairs in various universities for research, development of Sri Bhaini Sahib, construction of historic places and Namdhari Shaheedi Smaaraks, development of Sri Jiwan Nagar area, old age homes for the helpless elders, establishment of Satguru Partap Singh Hospitals, creation of Vishav Namdhari Vidhyak Jatha- an organisation for religious and social development of Namdhari youth, cattle houses for development of local cow- breed, eradication of social evils and establishment of vegetarian and intoxicants free society, setting path of rightness for the politicians etc. has become history. Anyone can unfold these precious pages to enrich oneself anytime.

But most precious are His discourses which His Holiness has delivered for the benefits of mankind. These will remain a source of enlightenment for all of us.

Let us reminiscence some of His pious teachings:

**Do not hate, leave faults, seek forgiveness**

"Seek forgiveness for everyone, do not hate any one, never wish ill of anyone."

"Never buy vices of anyone, these are in abundance in us. See the virtues of others, adopt those which you don't possess."

"When one understood that he possessed more faults than this world has, he will leave fighting."

Maya (illusion / money) is not base of life

"There are two things transparent in our life. God- Satguru- Almighty and the other is His creation. When we remember the Almighty, then Maya disappear, when Maya prevails upon us God leaves. "

**Follow your Satguru ( Master)**

"When you follow your Satguru, Maya will not influence. There is an herb (named) 'Garur Udgaar', keep it in your mouth, let the

snake bite you, venom will not harm. Likewise meditating 'Naam' the way Satguru teaches, the Maya will not effect." "When you follow your Satguru, Maya will not influence. There is an herb (named) 'Garur Udgaar', keep it in your mouth, let the snake bite you, venom will not harm. Likewise meditating 'Naam' the way Satguru teaches, the Maya will not effect."

"Change your thought process and avoid fickleness( Chanchalta), always try to have control over eyes, mind, feet( senses organs) and mend them towards Satguru ( Master)."

"The person, who took medicine as per doctor's advice, becomes alright. Those who do not follow the doctor's instructions, remains sick. Likewise, among us also who does not follow the order of Satguru, suffer from various sicknesses."

"If you want true happiness, desire the blessings of Satguru, then accept His command, live as per his Will"

**Time is precious**

"Do not postpone the work you want to do. If you want to do some pious work, don't delay, do it instantly. Think twice, while performing sinful acts."

**Follow the right path**

"While walking if somebody falls, he will get up, clean his clothes and walk ahead. Errors do occur, always try to follow the right path. "

**Right use of Religious places**

"Hindu, Sikh, Muslim all travel in the same train. They meet in Cinema Hall or other odd places. But where they fight? ….In Gurudwara or other religious places. Don't do this at these places. Mend yourself, and then you will be happy."

**Religion, Politics and Science**

"Without religion, man is like an uprooted tree, no need to cut its branches as these will wither automatically."

"If politics ruled according to religion, it's a true politics, it will work for the betterment of mankind."

"Science is very good. Remove religion from science, it will become useless. It (Aero planes) will shower bombs and have no mercy. Kindness is missing. When religion enters it (in science), it brings kindness. Where there is kindness, there will be peace and contentment. The science with religion becomes excellent. Now Aero planes will help the people who are affected by floods or engulfed in fire, will provide foods to the hungry and drinking water to the thirsty people. This is the difference between religion and science"

**Read and write**

"Good writers, poets, orators are the priceless treasure of a country. Those are further better mending themselves by following them."

"Do not read such books which take us away from the society. The books which create bonding should be read. ….. Read biography of Saints, teachings of Satguru Ji to change the Mindset and complete the life span"

**Do not grieve death, donate limbs**

"At the time of death, do not weep or grieved, it is prohibited (in religion).

"When someone dies, donate one's eyes."

**Sound mind**

If we have sound mind, we could save ourselves from immortal deed. If mind is strong, only then we will follow the Sikhism and remain closer to the Satguru. If our mind is strong, we can save our country. Mind is strong; we will be saved from corruption. If one mind is strong, only then one can tell the other," Be cautious, don't do wrong."

**Healthy life**

"Those persons, who sleep on floor, do not suffer from abdomen deceases. They have straight back. You know if someone fell sick, has spinal problem, backache, (doctor) advise them to sleep on hard bed or floor. If he already follows, he will not fall sick."

"After brushing (Datun) your teeth, fill your mouth with water and splash water forty times on opened eyes, eye sight will remain stable, it will not diminish further.

"Those already have two –three children, wants more, they should pray to the Almighty instead of you God may blessed the childless with the child."

"Cases of abortion are increasing. (We) should preach among the people not do this sin. Otherwise Guru (Almighty) will punish."

**Daswand ( Donation)**

"It is good to donate one tenth of your income, by giving donation your income will increase"

"We have seen what is happening to those rich people do not pay Daswand. Always pay Daswand. The money which you contributed as Daswand, will used for nice purpose; it will neither used for cinema nor for other bad activities."

**Satguru and Sikh**

When this world was not in existence, Satguru was there, when this world will destroy, Satguru will remain there and he is in existence in present time also."

"Anyone accept or not accept the Satguru, Satguru belongs to all."

"There is nothing in Sikhi without faith. Relinquish (yourselves) from why? What?, How?. "

Sikh's grace is because of Guru, as wife without husband does not look graceful. Sikh like woman should also live like servitor to his Guru"

"Sikh has to learn whole life. You become doctor, engineer, MLA, Minister, become Chief Minster, But must become Sikh."

**Escape Ego**

"There is a great barrier of 'ego' between Satguru and Sikh. Even when (you) say, I have escaped the ego, ego enters instantly"

"Demonstrate meditating Naam continuously, also resulted as a symbol of ego. If Naam enters your mind and soul, it provides energy. Disobeying His command and ion for showoff, increases arrogance manifolds.

**Naam - Bani**

"Recite Naam and Bani for purity of mind and soul, daily bathing for outer (body) purity is necessary for all of us."

"Guru Nanak Dev Ji has developed "Guru Mantra" for human being by spending 40 Yugas (time circle). .... He devoted Nine Yuga to each alphabet and four Yuga for the full word. He blessed us with this "Naam" by devoting 40 Yugas."

"Mind remains stable or not, meditates His Naam continuously. Do we leave job, shop, agriculture (or) business, if mind is wavering?"

"Meditation maintains your heart beat. According to an American organisation brain performs upto 95% in deep meditation."

"Meditate at home alongwith your children. As you teach your children how to eat food, wear clothes, how to go to school, likewise teach them how to recite the Naam. Children learn what we teach them."

"The Naam which you have listened in your ear, the time of its meditation is early morning ...

Take a bath (from head to foot) at least two to two and half hour before the sun rise..........

You may follow different religions, follow it properly. Read Namaj, perform Puja (or) recite Naam Bani. But always remember, to perform all these (rituals), it is necessary to rise early morning. "

**Let us practice His pious discourses in our daily life.**

**2010, Phase-2, Urban Estate**
**Dugri,**
**Ludhiana-141013**
**Cont: 82888-00666**

**ਬਾਜ਼ਾਰ ਦਾ ਭੋਜਨ ਨਾ ਸ਼ੁੱਧ ਹੁੰਦਾ ਹੈ ਨਾ ਮਰਿਯਾਦਾ ਵਿੱਚ ਆਉਂਦਾ ਹੈ ਫਿਰ ਕਿਉਂ ਖਾਧਾ ਜਾਏ?**

**.......ਬਾਕੀ ਸਫ਼ਾ 19 ਦੀ (ਇਨਕਲਾਬੀ...)**

ਵਿਸ਼ਵ ਸ਼ਾਤੀ ਦੇ ਮਾਮਲਿਆਂ ਵਿੱਚ ਦਿਲਚਸਪੀ ਰੱਖਦੇ ਹਨ, ਦੇਸ਼ ਦੇ ਕਲਿਆਣ ਹਿਤ ਵੀ ਅੱਗੇ ਆ ਜਾਣ ਤਾਂ ਸਾਰਾ ਗੰਦ ਹੂੰਝ ਕੇ ਬਾਹਰ ਕੱਢਿਆ ਜਾ ਸਕਦਾ ਹੈ ।

ਇਹ ਕਹਿੰਦਿਆ ਬਾਬਾ ਜੀ ਨਾਮਧਾਰੀਆਂ ਵਾਲੀ ਮਸਤੀ ਦੇ ਰਉਂ ਵਿੱਚ ਆ ਗਏ। ਆਪ ਨੇ ਯਾਦ ਕੀਤਾ ਕਿ ਇੱਕ ਦਿਨ ਸਤਿਗੁਰੂ ਪ੍ਰਤਾਪ ਸਿੰਘ ਜੀ ਉਨ੍ਹਾਂ ਨੂੰ ਜੇਲ ਵਿੱਚ ਮਿਲ ਕੇ ਆਏ ਸਨ ਤੇ ਅੱਜ ਵੀ ਉਨ੍ਹਾਂ ਨੂੰ ਚੇਤੇ ਕੀਤਾ ਗਿਆ ਹੈ ।

ਅੰਤ ਉੱਤੇ ਬਾਬਾ ਜੀ ਨੇ ਫ਼ਲਸਫ਼ਾਨਾ ਅੰਦਾਜ਼ ਵਿੱਚ, ਆਖਿਆ ਕਿ ਹਰੇਕ ਆਦਮੀ ਅੰਦਰ ਇੱਕ ਪਾਗਲਪਨ ਮੌਜੂਦ ਹੈ। ਇਸੇ ਦਾ ਨਾਮ ਇਸ਼ਕ ਅਤੇ ਮੁਹੱਬਤ ਹੈ। ਕਿਸੇ ਨੂੰ ਚੰਗੇ ਪਾਸੇ ਦੀ ਲਗਨ ਲੱਗ ਜਾਂਦੀ ਹੈ ਕੋਈ ਮੰਦੇ ਪਾਸੇ ਵੱਲ ਪੈ ਜਾਂਦਾ ਹੈ। ਕੁਝ ਲੋਕ ਉਹ ਹਨ ਜਿੰਨ੍ਹਾਂ ਤੇ ਇੰਨਕਲਾਬ ਦਾ ਇਸ਼ਕ ਸਵਾਰ ਹੋ ਜਾਂਦਾ ਹੈ ਉਹ ਸਭ ਕੁਝ ਦੇਸ਼ ਵਾਸੀਆਂ ਤੇ ਦੇਸ਼ ਉੱਤੇ ਅਰਪਣ ਕਰ ਦਿੰਦੇ ਹਨ, ਏਥੇ ਤੱਕ ਕਿ ਅੰਤ ਜੀਵਨ ਦੀ ਅਹੂਤੀ ਵੀ ਦੇਸ਼ ਭਗਤੀ ਨੂੰ ਸੌਂਪ ਦਿੰਦੇ ਹਨ, ਮੈਂ ਸਤਿਜੁਗ ਲਿਆਉਣ ਦੇ ਮਨੋਰਥ ਨਾਲ ਹੀ ਜੂਝਦਾ ਚੱਲਿਆ ਆਇਆ ਹਾਂ।

ਅਤੇ ਇਹ ਸੋਲਾਂ ਆਨੇ ਠੀਕ ਹੈ। ਅੱਜ ਬਾਬਾ ਜੀ ਪਾਸ ਨਾ ਪਤਨੀ ਹੈ, ਉਹ ਪੁੱਤਰ ਦੀ ਸਿਕ ਵਿੱਚ ਰਹਿੰਦੀ ਬਾਬਾ ਜੀ ਨਾਲ ਰਣ ਸਾਥੀ ਬਣੀ ਚਾਰ ਸਾਲ ਹੋਏ ਗੁਜਰ ਗਈ ਹੈ ਨਾ ਪੁੱਤਰ ਹੈ ।ਜਦੋਂ ਪਤਨੀ ਅੰਤਮ ਸਧਰ ਦੱਸੀ ਤਾਂ ਬਾਬਾ ਜੀ ਕਿਹਾ : ਕਮਲੀਏ, ਸਾਰੀ ਦੁਨੀਆ ਦੇ ਬੱਚੇ ਹੀ ਆਪਣੇ ਹਨ, ਇੱਕ ਨੂੰ ਜੇ ਆਪਣਾ ਬਣਾ ਲੈਂਦੇ ਤਾਂ ਲੋਕ ਸੇਵਾ ਕਿਵੈਂ ਹੋ ਸਕਦੀ ਅਤੇ ਅੱਜ ਜ਼ਿੰਦਗੀ ਦੀ ਸੰਧਿਆ ਵਿੱਚ ਉਨ੍ਹਾਂ ਦੀ ਪਤਨੀ ਦੀ ਭਨੇਵੀ ਤੇ ਉਸਦੇ ਬੱਚੇ ਬਾਬਾ ਜੀ ਦੀ ਸੇਵਾ ਕਰ ਰਹੇ ਹਨ। ਦੁਪਹਿਰੇ ਵਾਪਸੀ ਸਮੇਂ ਛਤਰੀ ਦੀ ਛਾਂ ਵੀ ਮੈਨੂੰ ਓਪਰੀ ਲਗਣ ਲੱਗ ਪਈ ਤੇ ਮੈਂ ਪੂਰੀ ਤਰ੍ਹਾਂ ਦੇਸ਼ ਭਰ ਦੇ ਸਮੂਹ ਦੇਸ਼ ਭਗਤਾਂ ਦੀਆਂ ਕਰਨੀਆਂ ਦੇ ਧਿਆਨ ਵਿੱਚ ਗਵਾਚਾ ਗਵਾਚਾ ਪਤਾ ਨਹੀਂ ਕਦੋਂ "ਖਾਸੇ" ਮੁੜ ਆ ਗਿਆ ।

**ਪ੍ਰੀਤਮ ਸਿੰਘ ਕਵੀ.**

# ਕਾਵਿ-ਕਿਆਰੀ

## ਗਾਥਾ ਦੇਸ਼ ਆਜ਼ਾਦੀ ਦੀ

ਪਾਰ ਸਮੁੰਦਰੋਂ ਆ ਕੇ ਗੋਰਿਆਂ,
ਭਾਰਤ ਦੇਸ਼ ਗੁਲਾਮ ਬਣਾਇਆ।
ਜਨਤਾ ਤਾਈਂ ਲੁੱਟਿਆ ਕੁੱਟਿਆ,
ਜ਼ੋਰ ਜ਼ੁਲਮ ਕਰ ਰਾਜ ਚਲਾਇਆ।
ਧਨ ਅਸਾਡਾ ਚੋਰੀ ਕਰਕੇ,
ਵਿਚ ਵਿਲਾਇਤ ਦੇ ਪਹੁੰਚਾਇਆ।
ਹੀਰਾ ਕੋਹਿਨੂਰ ਵੀ ਚੋਰਾਂ,
ਇੰਗਲੈਂਡ ਦੇ ਵਿਚ ਜਾ ਛੁਪਾਇਆ।
ਧਰਮ ਅਸਾਡੇ ਨੂੰ ਢਾਹ ਲਾਉਣ ਲਈ,
ਥਾਂ ਥਾਂ ਬੁੱਚੜਖਾਨੇ ਖੋਹਲੇ।
ਕਤਲ ਹੁੰਦੀਆਂ ਗਊਆਂ ਹਰ ਥਾਂ,
ਜਨਤਾ ਡਰਦੀ ਕੁਛ ਨਾ ਬੋਲੇ।
ਗੁਰੂ ਰਾਮ ਸਿੰਘ, ਸਤਿਗੁਰ ਸੂਰੇ
ਉੱਚੀ ਸੀ ਆਵਾਜ਼ ਉਠਾਈ।
ਗੁਲਾਮੀ ਰੋਗ ਹੈ ਸਭ ਤੋਂ ਮੰਦਾ,
ਆਜ਼ਾਦੀ ਜਹੀ ਸੁਗਾਤ ਨਾ ਕਾਈ।
ਉਠੋ ਮੇਰੇ ਦੇਸ਼ ਵਾਸੀਓ,
ਗੁਲਾਮੀਂ ਦੀਆਂ ਜੰਜ਼ੀਰਾਂ ਤੋੜੋ ।
ਨਾ-ਮਿਲਵਰਤਨ ਦੀ ਲਹਿਰ ਚਲਾ ਕੇ,
ਰਾਜ ਗੋਰੇ ਦਾ ਜੜੋਂ ਉਖਾੜੋ।
ਫੁਰਮਾਣ ਗੁਰਾਂ ਦੇ ਮੁੱਖ ਤੋਂ ਸੁਣ ਕੇ,
ਉਠ ਖਲੋਤੇ ਸਿੰਘ ਜਵਾਨ।
ਗੁਰਾਂ ਤੋਂ ਕੰਨ ਵਿਚ ਮੰਤਰ ਲੈ ਕੇ,
ਆਤਮਾ ਕੀਤੀ ਸੀ ਬਲਵਾਨ।
ਛੱਕ ਕੇ ਪੰਜ ਅੰਮ੍ਰਿਤ ਦੀਆਂ ਚੁਲੀਆਂ,
ਹਿਮਾਲਾ ਦੀ ਬਣ ਗਏ ਚੱਟਾਨ।
ਸ਼ੈਤਾਨ ਗੋਰੇ ਨੂੰ ਦੇਸ਼ੋਂ ਕੱਢਣਾ,
ਕਰਨਾ ਇਸ ਦਾ ਰਾਜ ਵੀਰਾਨ।
ਹੁਕਮ ਗੁਰਾਂ ਦਾ ਮੰਨ ਕੇ ਕੂਕਿਆਂ,
ਰੇਲ ਗੱਡੀ ਤੇ ਚੜ੍ਹਨਾ ਛੱਡਿਆ।
ਆਪਨੇ ਝਗੜੇ ਆਪ ਨਜਿੱਠੇ,
ਵਿਚ ਕਚਹਿਰੀਆਂ ਵੜਨਾ ਛੱਡਿਆ।
ਡਾਕ ਆਪਣੀ ਆਪ ਚਲਾਈ,
ਚਿੱਠੀ ਪੱਤਰ ਖੁਦ ਪਹੁੰਚਾ ਕੇ।
ਫੁਰਤੀ ਨਾਲ ਸੁਨੇਹੇ ਭੇਜਣ,
ਜੱਸ ਗੁਰਾਂ ਦਾ ਗਾਉਂਦੇ ਜਾਂਦੇ।
ਵਿਦਿਆ ਕੇਂਦਰ ਆਪਣੇ ਖੋਹਲੇ,
ਅੰਗਰੇਜ਼ਾਂ ਦੀ ਵਿਦਿਆ ਤਿਆਗੀ।
ਆਪਣੀ ਵਿਦਿਆ, ਆਪਣੀ ਬੋਲੀ,
ਗੁਰਬਾਣੀ ਦੀ ਚੇਤਨਾ ਜਾਗੀ।
ਗਊ ਘਾਤ ਜੋ ਕਰਦੇ ਬੁੱਚੜ,
ਕੂਕਿਆਂ ਨੇ ਉਹ ਬੁੱਚੜ ਮਾਰੇ।
ਗੁਰ ਧਾਮਾਂ ਦੀ ਪੱਤ ਬਚਾਈ,
ਧਰਮ ਹੇਤ ਸੀ ਕੀਤੇ ਕਾਰੇ।
ਦੇਸ਼ ਧਰਮ ਤੇ ਗਊ ਦੀ ਖਾਤਰ,
ਹੱਸ ਹੱਸ ਕੂਕੇ ਫਾਂਸੀਆਂ ਚੜ੍ਹ ਗਏ।
ਸ਼ਮ੍ਹਾ ਆਜ਼ਾਦੀ ਦੇ ਪਰਵਾਨੇ,
ਹੱਸ ਹੱਸ ਤੋਪਾਂ ਅੱਗੇ ਖੜ ਗਏ।
ਦੇਸ ਆਜ਼ਾਦ ਕਰਾਵਣ ਖਾਤਰ,
ਰਾਮ ਗੁਰੂ ਪਰਦੇਸ਼ ਨੂੰ ਚਲ ਪਏ।
ਦੱਸੇ ਉਹਨਾਂ ਦੇ ਰਸਤੇ ਉੱਤੇ,
ਲੱਖਾਂ ਹੀ ਪਰਵਾਨੇ ਚਲ ਪਏ।
ਰਾਜਗੁਰੂ, ਸੁਖਦੇਵ, ਭਗਤ ਸਿੰਘ,
ਊਧਮ, ਕਰਤਾਰ ਸਿੰਘ ਸਰਾਭੇ ਜੈਸੇ।
ਲਾਜਪਤ ਰਾਏ, ਮਹਾਤਮਾ ਗਾਂਧੀ,
ਸੁਭਾਸ਼, ਸੋਹਨ ਸਿੰਘ ਭਕਨਾ ਜੈਸੇ।
ਖੇਡ ਕੇ ਖੂਨ ਦੀ ਹੋਲੀ ਵੀਰਾਂ,
ਭਾਰਤ ਦੇਸ਼ ਆਜ਼ਾਦ ਕਰਾਇਆ।
ਦੇਸ਼ ਖਾਤਰ ਪਰਦੇਸ ਗਇਆ ਜੋ,
ਚੀਨੀ ਵਾਲਾ ਅਜੇ ਨਾ ਆਇਆ।
ਐਸੇ ਮਰ ਜੀਵੜੇ ਵੀਰਾਂ ਨੂੰ,
ਕਰਦਾ ਮਨਜੀਤ ਪ੍ਰਣਾਮ ਸਦਾ ਹੀ।
ਉਸ ਚੀਨੀ ਵਾਲੇ ਪ੍ਰੀਤਮ ਦਾ,
ਮਨ ਵਿਚ ਧਰਦਾ ਧਿਆਨ ਸਦਾ ਹੀ।

ਮਨਜੀਤ ਸਿੰਘ
ਰਾਗੀ ਦਿੱਲੀ )

# ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸਿਆਮ ਦੀ ਸੰਗਤ

✍-ਸੰਤ ਇਕਬਾਲ ਸਿੰਘ ਮਨਚੰਦਾ



ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ

ਜਦ ਕਦੇ-ਕਦਾਈਂ ਗਰੀਬ-ਨਿਵਾਜ਼ ਜੀ ਦਾ ਹੁਕਮ ਹੋਣਾ ਕਿ "ਸ਼ਾਮ ਦਾ ਦੀਵਾਨ ਡੇਰੇ ਵਿਖੇ ਹੀ ਲੱਗੇਗਾ" ਤਾਂ ਸੇਠ ਜੀ ਬਿਨਾਂ ਕਿਸੇ ਨੂੰ ਆਖਿਆਂ ਸਾਰੀ ਸਫ਼ਾਈ ਕੀਰਤਨ ਵਾਲੀ ਜਗ੍ਹਾ 'ਤੇ ਆਪਣੇ ਹੱਥੀਂ ਕਰਦੇ ਤੇ ਜਦ ਕਦੀ ਉਹਨਾਂ ਨੂੰ ਆਖਣਾ,"ਸੇਠ ਜੀ ਤੁਹਾਡੇ ਕੋਲ ਐਨੇ ਨੌਕਰ ਹਨ, ਉਹਨਾਂ ਨੂੰ ਹੁਕਮ ਕਰੋ" ਤਾਂ ਹੱਸ ਕੇ ਉੱਤਰ ਦੇਣਾ ਕਿ ਇਹ ਸਮਾਂ ਕਦੇ-ਕਦਾਈਂ ਹੀ ਮਿਲਦਾ ਹੈ।

ਸਾਧ-ਸੰਗਤ ਪ੍ਰਤੀ ਉਪਦੇਸ਼ ਵੀ ਗਰੀਬ-ਨਿਵਾਜ਼ ਜੀ ਆਪਣੇ ਪਵਿੱਤਰ ਮੁਖ਼ਾਰ-ਬਿੰਦ ਤੋਂ ਉਚਾਰਨ ਕਰਦੇ ਜੋ ਉਸ ਸਮੇਂ ਰੀਕਾਰਡ ਕੀਤੇ ਜਾਂਦੇ। ਇਸ ਦੌਰੇ ਸਮੇਂ ਸਤਿਗੁਰੂ ਜੀ ਦੇ ਨਾਲ ਪੰਡਿਤ ਗੋਪਾਲ ਸਿੰਘ ਜੀ ਵੀ ਆਏ ਸਨ (ਅਨੁਮਾਨ ਹੈ) ਤੇ ਵਾਪਿਸ ਦੇਸ਼ ਨੂੰ 20 ਫ਼ਰਵਰੀ 1954 ਨੂੰ ਪਧਾਰੇ ਸਨ (ਨੋਟ :- ਕਈ ਬਚਨ ਤੇ ਅੱਖੀਂ ਡਿੱਠੇ ਹਾਲਤ ਉਸ ਵੇਲੇ ਲਿਖਣੋਂ ਰਹਿ ਗਏ ਹਨ ਤੇ ਪਿੱਛੋਂ ਯਾਦ ਆਉਣ 'ਤੇ ਲਿਖੇ ਗਏ ਹਨ ਤੇ ਇਸ ਵਿੱਚ ਸੰਨ ਤੇ ਤਾਰੀਖ਼ਾਂ ਦਾ ਫ਼ਰਕ ਜ਼ਰੂਰ ਹੋਵੇਗਾ, ਇਸ ਲਈ ਖ਼ਿਮਾ ਦੀ ਯਾਚਨਾ ਕਰਦਾ ਹਾਂ। ਆਪਣੇ ਵੱਲੋਂ ਪੂਰੀ ਕੋਸ਼ਿਸ਼ ਕੀਤੀ ਹੈ ਕਿ ਫ਼ਰਕ ਨਾ ਪਵੇ ਪਰ ਜੀਅ ਹਮੇਸ਼ਾਂ ਭੁੱਲਣਹਾਰ ਹੈ। ਤੇ ਸਤਿਗੁਰੂ ਜੀ ਦਾ ਮਿਹਰਾਂ ਭਰਿਆ ਕਰ-ਕੰਵਲ ਸਿਰ 'ਤੇ ਹੋਵੇ, ਇਹ ਸੇਵਾ ਤਦ ਹੀ ਹੋ ਸਕਦੀ ਹੈ)। .

ਸੰਨ 1954 'ਚ ਦੂਜਾ ਦੌਰਾ ਸੰਤ ਫੂਲਾ ਸਿੰਘ ਦੇ ਪਰਿਵਾਰ ਦੀਆਂ ਨੂੰਹਾਂ, ਧੀਆਂ (11 ਬੀਬੀਆਂ) ਵੱਲੋਂ ਪ੍ਰਵਾਨ ਹੋਇਆ ਸੀ। ਇਹਨਾਂ ਦੀ ਬੇਨਤੀ ਨੂੰ ਪ੍ਰਵਾਨ ਕਰਕੇ ਸਮੇਤ ਹਜ਼ੂਰੀ ਜਥੇ ਸ੍ਰੀ ਸਤਿਗੁਰੂ ਜੀ ਨੇ ਬੰਕੋਕ ਦੀ ਧਰਤੀ ਨੂੰ 27 ਸਤੰਬਰ 1954 ਨੂੰ ਭਾਗ ਲਾਏ ਅਤੇ ਇਸ ਦੌਰੇ ਸਮੇਂ ਪੰਡਿਤ ਗੋਪਾਲ ਸਿੰਘ ਜੀ ਨਾਲ ਆਏ। ਰੋਜ਼ ਸਵੇਰੇ ਸ਼ਾਮ ਰਾਗੀਆਂ ਦਾ ਕੀਰਤਨ ਤੇ ਸ਼ਾਮ ਨੂੰ ਨਿੱਤਨੇਮ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਹੁੰਦਾ ਤੇ ਕਿਸੇ ਦਿਨ ਸਵੇਰੇ ਸਥਾਨਕ ਕੀਰਤਨੀ ਜਥਾ ਵਾਰੇ ਦੇ ਰੂਪ ਵਿੱਚ ਕੀਰਤਨ ਕਰਦਾ ਤੇ ਰਾਤ ਨੂੰ ਪੰਡਿਤ ਜੀ ਦਾ ਦੀਵਾਨ ਲੱਗਦਾ, ਇਹਨਾਂ ਦੇ ਦੀਵਾਨ ਵਿੱਚ ਨਾਮਧਾਰੀ ਸੰਗਤ ਤੋਂ ਬਿਨਾਂ ਦੂਜੀਆਂ ਸ਼੍ਰੇਣੀਆਂ ਦੇ ਸਰੀਰ ਵੀ ਕਾਫੀ ਗਿਣਤੀ ਵਿੱਚ ਦਰਸ਼ਨ ਦਿੰਦੇ। ਇਹ ਰੋਜ਼ ਨਵੇਂ ਤੋਂ ਨਵਾਂ ਪ੍ਰਸੰਗ ਸੁਣਾਕੇ ਸਾਧ-ਸੰਗਤ ਨੂੰ ਨਿਹਾਲ ਕਰਦੇ। ਇਸ ਤਰ੍ਹਾਂ ਇਸ ਦੌਰੇ ਸਮੇਂ ਵੀ ਸ੍ਰੀ ਸਤਿਗੁਰੂ ਜੀ ਆਪਣੇ ਪਵਿੱਤਰ ਮੁਖ਼ਾਰਬਿੰਦ ਤੋਂ ਸਾਧ-ਸੰਗਤ ਪ੍ਰਤੀ ਉਪਦੇਸ਼ ਦਿੱਤੇ ਜੋ ਉਸ ਸਮੇਂ ਰੀਕਾਰਡ ਕੀਤੇ ਗਏ ਸਨ ਤੇ ਇਸ ਦੌਰੇ ਨੂੰ ਸਫ਼ਲ ਕਰਨ ਉਪਰੰਤ ਗਰੀਬ-ਨਿਵਾਜ਼ ਵਾਪਿਸ ਦੇਸ਼ 9 ਅਕਤੂਬਰ 1954 ਨੂੰ ਗਏ।

ਸਾਧ-ਸੰਗਤ ਵਿੱਚ ਇਨ੍ਹਾਂ ਦਿਨਾਂ ਵਿੱਚ ਕਈ ਪਰਿਵਾਰ ਮਾਇਆ ਵਜੋਂ ਸੌਖੇ ਹੋ ਗਏ ਸਨ ਤੇ ਕੀਰਤਨ ਨਾਮ ਬਾਣੀ ਨਾਲ ਪਿਆਰ ਉਸੇ ਤਰ੍ਹਾਂ ਜਾਰੀ ਸੀ। ਸੰਨ 1954-55 ਦਾ ਇੱਕ ਬਚਨ ਸਾਧ-ਸੰਗਤ ਦਾ ਯਾਦ ਆਉਣ 'ਤੇ ਲਿਖ ਰਿਹਾ ਹਾਂ (ਸੰਨ ਦਾ ਸ਼ਾਇਦ ਫ਼ਰਕ ਹੋਵੇ)। ਸੇਠ ਤਰਲੋਕ ਸਿੰਘ, ਗੁਰਬਖਸ਼ ਸਿੰਘ ਹੁਰਾਂ ਇੱਕ ਆਪਣਾ ਬੰਗਲਾ ਸਮੁੰਦਰੀ ਤੱਟ 'ਤੇ ਬਣਵਾਇਆ ਹੋਇਆ ਸੀ ਤੇ ਗਰੀਬ ਨਿਵਾਜ਼ ਜੀ ਜਦ ਬੰਕੋਕ ਦਰਸ਼ਨ ਦਿੰਦੇ ਤਾਂ ਕਦੇ-ਕਦਾਈਂ ਬਾਂਙਸੈਨ ਬੰਗਲੇ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰਦੇ। ਨਾਮਧਾਰੀ ਨੌਜਵਾਨ ਜਥਾ ਸਾਲ ਵਿੱਚ ਇੱਕ-ਦੋ ਵਾਰੀ ਜ਼ਰੂਰ ਸਮੁੰਦਰ ਕਿਨਾਰੇ ਸੈਰ ਕਰਨ ਜਾਂਦਾ ਤੇ ਉੱਥੇ ਦੋ-ਤਿੰਨ ਰਾਤਾਂ ਵੀ ਗੁਜ਼ਾਰਦੇ, ਜਿਸ ਵਿੱਚ ਆਪਸ ਵਿੱਚ ਮਿਲ ਬੈਠਣਾ, ਖੇਡਣਾ, ਹੱਸਣਾ ਤੇ ਕੀਰਤਨ ਕਰਨਾ ਇਹ ਉੱਥੇ ਦਾ ਪ੍ਰੋਗਰਾਮ ਹੁੰਦਾ ਤੇ ਲੰਗਰ ਵੀ ਆਪਣਾ ਆਪ ਬਣਾ ਕੇ ਛਕਣਾ। ਇਸ ਪ੍ਰਕਾਰ ਕੀਰਤਨੀ ਜਥਾ ਪ੍ਰੋਗਰਾਮ ਬਣਾ ਕੇ ਸਮੁੰਦਰੀ ਤੱਟ ਦੀ ਸੈਰ ਕਰਨ ਲਈ ਰਵਾਨਾ ਹੋਇਆ ਤੇ ਪਹਿਲੀ ਵਾਰ ਜੱਥੇ ਦੇ ਨਾਲ ਸੰਤ ਪਰਤਾਪ ਸਿੰਘ ਜੀ ਮਸਤਾਨਾ, ਸੇਠ ਗੁਰਬਖਸ਼ ਸਿੰਘ, ਸੇਠ ਨਰੈਣ ਸਿੰਘ ਚਾਵਲਾ ਤੇ ਜਗਜੀਤ ਸਿੰਘ ਗੋਰੋਵਾੜਾ ਵੀ ਗਏ ਸਨ। ਰਾਤ ਵੇਲੇ 7 ਵਜੇ ਤੋਂ ਸਾਢੇ ਨੌਂ ਵਜੇ ਤੱਕ ਜੱਥੇ ਨੇ ਪ੍ਰੇਮ ਭਰਿਆ ਕੀਰਤਨ ਕੀਤਾ ਤੇ ਦੂਜੇ ਦਿਨ ਅੰਮ੍ਰਿਤ ਵੇਲੇ ਸਾਢੇ ਚਾਰ ਵਜੇ ਤੋਂ ਕੀਰਤਨੀ ਜਥੇ ਨੇ ਵਾਰੇ ਦੇ ਰੂਪ ਵਿੱਚ ਆਰੰਭ ਕੀਤਾ। ਇਸਦੇ ਵਿੱਚ ਉਸ ਸਮੇਂ ਇੰਨਾ ਅਨੰਦ ਸੀ ਜਿਸਨੂੰ ਕਲਮ ਰਾਹੀਂ ਬਿਆਨ ਕਰਨਾ ਅਤਿ ਕਠਿਨ ਹ। ਕੀਰਤਨ ਰਾਹੀਂ ਇਹ ਸ਼ਬਦ ਗਾਇਨ ਕੀਤਾ ਜਾ ਰਿਹਾ ਸੀ 'ਤੂੰ ਦਰੀਆਉ ਦਾਨਾ ਬੀਨਾ ਮੈ ਮਛਲੀ ਕੈਸੇ ਅੰਤ ਲਹਾ' ਅਤੇ ਜਦ ਇਹ ਤੁੱਕ ਗਾਇਨ ਕੀਤੀ 'ਬਿਆ ਦਰ ਨਾਹੀਂ ਕੈ ਦਰ ਜਾਉ' ਤਾਂ ਹਰਮੋਨੀਅਮ ਵਿਚੋਂ ਇੱਕ ਐਸੀ ਰਤਿ ਰਾਹੀਂ ਇਸ ਤੁਕ ਨੂੰ ਪੜ੍ਹਿਆ ਗਿਆ ਜਿਸ ਨਾਲ ਵੈਰਾਗ

ਦਾ ਹੜ੍ਹ ਆ ਗਿਆ (ਨੋਟ:- ਇਸ ਤੋਂ ਬਾਅਦ ਬੜਾ ਯਾਦ ਕਰਨ 'ਤੇ ਵੀ ਫਿਰ ਇਹ ਰੀਤ ਨਹੀਂ ਪੜ੍ਹੀ ਜਾ ਸਕੀ)। ਰੀਤ ਦੇ ਅੱਖਰ ਇਹ ਸਨ 'ਤੇਰਾ ਦਰ ਛੱਡ ਕੇ ਕਿਹੜੇ ਦਰ ਜਾਵਾਂ'। ਸਭ ਬੈਠੇ ਸਰੀਰਾਂ ਦੇ ਨੇਤਰ ਵੈਰਾਗ ਵਿੱਚ ਭਰਪੂਰ ਸਨ। ਸਾਢੇ ਸੱਤ ਭੋਗ ਪੈਣ ਤੋਂ ਬਾਅਦ ਬਾਹਰ ਬਰਾਂਡੇ ਵਿੱਚ ਮੰਜਿਆਂ 'ਤੇ ਬੈਠ ਗਏ ਤੇ ਸਾਧਾਂ ਸੰਤਾਂ ਦੇ ਪੁਰਾਣੇ ਬਚਨ ਤੇ ਸ੍ਰੀ ਸਤਿਗੁਰੂ ਜੀ ਦੀ ਯਾਦ ਵਿੱਚ ਬਚਨ ਸ਼ੁਰੂ ਹੋ ਗਏ ਤੇ ਇਸ ਸਮੇਂ ਸਭ ਨੂੰ ਭੁੱਲ ਗਿਆ ਕਿ ਸਮਾਂ ਕਿੰਨਾ ਬਤੀਤ ਹੋ ਗਿਆ ਹੈ, ਜਲ-ਪਾਣੀ ਛਕਣ ਦਾ ਧਿਆਨ ਹੀ ਨਾ ਰਿਹਾ ਹਾਲਾਂਕਿ ਲਾਂਗਰੀ ਸਿੰਘ ਦੋ-ਤਿੰਨ ਵਾਰੀ ਅਰਜ਼ ਬੇਨਤੀ ਕਰ ਗਿਆ ਸੀ। ਸੋ ਇਹ ਦੋ ਘੰਟੇ ਦਾ ਸਮਾਂ ਵੀ ਅਨੰਦ ਤੇ ਵੈਰਾਗ ਵਿੱਚ ਬੀਤਿਆ (ਇੱਕ ਖ਼ਾਸ ਨੋਟ :- ਇਸ ਬੰਗਲੇ ਵਿਖੇ ਜਦ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਨਾਲ ਹੋਰ ਸੇਵਕ ਸਿੱਖ ਤੇ ਮਾਈਆਂ ਬੀਬੀਆਂ ਵੀ ਜਾਂਦੀਆਂ ਸਨ ਤਾਂ ਉਸ ਵੇਲੇ ਕਈਆਂ ਸਰੀਰਾਂ ਨੂੰ ਉਥੇ ਪਰਦੇਸੀ ਪ੍ਰੀਤਮ ਅਕਾਲ ਪੁਰਖ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਵੀ ਹੁੰਦੇ ਰਹੇ ਸਨ)।

ਅਗਲੇ ਸਾਲ ਸੰਨ 1955 ਦੀ ਬਸੰਤ ਦਾ ਮੇਲਾ ਸੰਤ ਖਜ਼ਾਨ ਸਿੰਘ ਅਵਤਾਰ ਸਿੰਘ (ਜਸਪਾਲ ਸਟੋਰ) ਵਲੋਂ ਅਰਜ਼ ਬੇਨਤੀ ਕਰਨ 'ਤੇ ਪ੍ਰਵਾਨ ਹੋਇਆ ਸੀ। ਇਹਨਾਂ ਨੇ ਉਸ ਸਮੇਂ ਸਤਿਗੁਰੂ ਜੀ ਦੀ ਸ਼ਾਨ ਹਿਤ ਇੱਕ ਸੁੰਦਰ ਸਿੰਘਾਸਨ ਤਿਆਰ ਕਰਵਾਇਆ ਜਿਸ ਪਿੱਛੇ ਇੱਕ ਰੇਸ਼ਮੀ ਕੱਪੜੇ ਤੇ ਸੂਰਜ ਵਿੱਚੋਂ ਕਿਰਨਾਂ ਨਿਕਲ ਰਹੀਆਂ ਵਿਖਾਈਆਂ ਗਈਆਂ ਸਨ ਤੇ ਹੋਰ ਵੀ ਬਹੁਤ ਸੁੰਦਰ ਸਜਾਵਟ ਕੀਤੀ ਹੋਈ ਸੀ। ਗਰੀਬ-ਨਿਵਾਜ਼ ਜੀ ਨੇ ਬਸੰਤ ਦੇ ਮੇਲੇ ਸਮੇਂ ਹਜ਼ੂਰੀ ਸੇਵਕਾਂ ਤੇ ਰਾਗੀ ਜੱਥੇ ਦੇ ਸਹਿਤ ਬੰਕੋਕ ਦੀ ਧਰਤੀ ਨੂੰ 27 ਜਨਵਰੀ 1955 ਨੂੰ ਭਾਗ ਲਾਏ। ਸ੍ਰੀ ਸਤਿਗੁਰੂ ਜੀ ਦਾ ਡੇਰਾ ਸੇਠ ਮੋਹਰ ਸਿੰਘ ਜੀ ਦੇ ਬੰਗਲੇ ਸੀ ਫੱਯਾ ਰੋਡ ਵਿਖੇ ਲੱਗਾ ਸੀ। ਪਿਛਲੇ ਸਾਲ 1954 ਦਾ ਇੱਕ ਬਚਨ ਲਿਖਣਾ ਭੁੱਲ ਗਿਆ ਜੋ ਇਸ ਪ੍ਰਕਾਰ ਹੈ। ਸ੍ਰੀ ਸਤਿਗੁਰੂ ਜੀ ਦੇ ਬੰਕੋਕ ਦਰਸ਼ਨ ਦੇਣ ਸਮੇਂ ਅਕਾਲੀ ਲੀਡਰ ਮਾਸਟਰ ਤਾਰਾ ਸਿੰਘ ਜੀ ਵੀ ਬੰਕੋਕ ਆਏ ਸਨ ਤੇ ਉਹ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰੇ ਵਿਖੇ ਠਹਿਰੇ ਸਨ ਤੇ ਸੰਤ ਈਸ਼ਰ ਸਿੰਘ 'ਦਲੇਰ' ਦੇ ਪੁਰਸ਼ਾਰਥ ਨਾਲ ਉਹ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਲਈ ਨਾਮਧਾਰੀ ਧਰਮਸ਼ਾਲਾ ਯਾਵਾਰੱਟ ਵਿਖੇ 8-10-1954 ਨੂੰ ਆਏ ਤੇ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਉਨ੍ਹਾਂ ਦਾ ਜੈਕਾਰਿਆਂ ਨਾਲ ਸਵਾਗਤ ਕੀਤਾ ਗਿਆ ਤੇ ਗਰੀਬਨਿਵਾਜ਼ ਜੀ ਨੇ ਉਨਾਂ ਨੂੰ ਆਪਣੇ ਸਿੰਘਾਸਨ ਪਾਸ ਬਿਠਾਇਆ ਸੀ।

ਗਰੀਬ-ਨਿਵਾਜ ਜੀ ਬੰਕੋਕ ਦਰਸ਼ਨ ਦੇਣ ਸਮੇਂ ਲੰਪਾਙ ਤੇ ਚੰਗਮਈ ਦੀ ਸੰਗਤ ਨੂੰ ਵੀ ਦੌਰੇ ਸਮੇਂ ਨਿਵਾਜਦੇ। ਰਾਗੀ ਜਥੇ ਦਾ ਕੀਰਤਨ, ਪੰਡਿਤ ਜੀ ਦਾ ਦੀਵਾਨ ਸਾਧ-ਸੰਗਤ ਬੜੇ ਪ੍ਰੇਮ ਨਾਲ ਆ ਕੇ ਸਰਵਣ ਕਰਦੀ ਤੇ ਰੋਜ਼ਾਨਾ ਨਿੱਤਨੇਮ ਵੇਲੇ ਵੀ ਸਾਧ-ਸੰਗਤ ਦੀ ਹਾਜ਼ਰੀ ਭਰਪੂਰ ਹੁੰਦੀ। ਬਸੰਤ ਦਿਨ 'ਤੇ ਕਵੀ ਦਰਬਾਰ ਵੀ ਹੋਇਆ ਤੇ ਇਸ ਪਰਥਾਇ ਸ੍ਰੀ ਸਤਿਗੁਰੂ ਜੀ ਨੇ ਕਵੀਆਂ ਪ੍ਰਤੀ ਖ਼ਾਸ ਉਪਦੇਸ਼ ਮੁਖ਼ਾਰ ਬਿੰਦ ਤੋਂ ਉਚਾਰਨ ਕੀਤਾ ਜੋ ਕਿ ਉਸ ਸਮੇਂ ਰੀਕਾਰਡ ਕੀਤਾ ਗਿਆ ਸੀ। ਇਸ ਤੋਂ ਬਿਨਾਂ ਹੋਰਨਾਂ ਦਿਨਾਂ ਦੇ ਉਪਦੇਸ਼ ਵੀ ਰੀਕਾਰਡ ਕੀਤੇ ਜਾਂਦੇ ਰਹੇ ਤੇ ਇਨ੍ਹਾਂ ਦਿਨਾਂ ਵਿੱਚ ਸ੍ਰੀ ਹਜ਼ੂਰ ਜੀ ਦਾ ਧਿਆਨ ਇਸ ਪਾਸੇ ਜ਼ਿਆਦਾ ਸੀ ਕਿ ਜੋ ਆਉਣ ਵਾਲੀ ਪਨੀਰੀ ਲਈ ਗੁਰਮੁਖੀ ਧਾਰਮਿਕ ਵਿੱਦਿਆ ਤੇ ਵੱਡੇ ਦੀਵਾਨਾਂ ਲਈ ਇੱਕ ਜਗ੍ਹਾ ਲਈ ਜਾਵੇ ਤੇ ਹੌਲੀ-ਹੌਲੀ ਇਸ ਦਾ ਪ੍ਰਚਾਰ ਵੀ ਵਿਚੋਂ-ਵਿਚ ਹੋ ਰਿਹਾ ਸੀ ਕਿ ਸਾਧ ਸੰਗਤ ਦੀ ਆਪਣੀ ਜਗ੍ਹਾ ਜ਼ਰੂਰ ਹੋਣੀ ਚਾਹੀਦੀ ਹੈ। ਸੋ ਇਹ ਦੌਰਾ ਵੀ ਸਫ਼ਲਤਾ-ਪੂਰਵਕ ਸੰਪੰਨ ਹੋਇਆ ਤੇ ਸ੍ਰੀ ਸਤਿਗੁਰੂ ਜੀ ਹਜ਼ੂਰੀ ਜਥੇ ਸਮੇਤ ਵਾਪਸ ਦੇਸ਼ 8 ਫ਼ਰਵਰੀ 1955 ਨੂੰ ਗਏ ਸਨ। 17ਵਾਂ ਦੌਰਾ ਸਾਧ-ਸੰਗਤ ਦਾ ਸਮਾਂ ਇਸ ਪ੍ਰਕਾਰ ਪ੍ਰੇਮ ਭਾਵਨਾ ਨਾਲ ਬਤੀਤ ਹੋ ਰਿਹਾ ਸੀ। ਸੇਠ ਗੁਰਬਖਸ਼ ਸਿੰਘ 'ਪ੍ਰੀਤਮ' ਨੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿੱਚ ਬੇਨਤੀ ਭੇਜੀ ਕਿ ਜੋ ਉਸਦੇ ਵੱਲੋਂ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦਾ ਪ੍ਰਕਾਸ਼-ਉਤਸਵ ਦਿਨ ਮਨਾਉਣਾ ਹੈ, ਇਸ ਸਮੇਂ ਆਪ ਦਰਸ਼ਨ ਦੇਣ ਦੀ ਜ਼ਰੂਰ ਕ੍ਰਿਪਾਲਤਾ ਕਰੋ। ਉਸਦੀ ਇਹ ਅਰਜ਼ ਦੀ ਪ੍ਰਵਾਨਗੀ ਆਉਣ ਤੋਂ ਪਹਿਲਾਂ ਸਾਧ-ਸੰਗਤ ਵਿੱਚ ਹੋਰ ਚਾਉ ਚੜ੍ਹ ਗਿਆ। ਗਰੀਬ-ਨਿਵਾਜ਼ ਜੀ ਦੇ ਬੰਕੋਕ ਦਰਸ਼ਨ ਦੇਣ ਤੋਂ ਪਹਿਲਾਂ ਸਾਧ-ਸੰਗਤ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਨਮਿਤ 6-10-1955 ਤੋਂ ਅੰਮ੍ਰਿਤ ਵੇਲੇ ਰੋਜ਼ਾਨਾ ਵਰਨੀਆਂ ਆਰਭ ਕੀਤੀਆਂ ਜੋ 15-10-1955 ਤੀਕ ਕੋਲ 170 ਵਰਨੀਆਂ ਕੀਤੀਆਂ ਜਾ ਚੁੱਕੀਆਂ ਸਨ ਤੇ ਸ੍ਰੀ ਸਤਿਗੁਰੂ ਜੀ ਦਾ ਪ੍ਰੋਗਰਾਮ ਬੰਕੋਕ ਏਸੇ ਦਿਨ ਰਾਤ ਦੇ 7 ਤੋਂ 8 ਵਜੇ ਦੇ ਦਰਮਿਆਨ ਪਹੁੰਚਣ ਦਾ ਸੀ। ਸਾਧ-ਸੰਗਤ ਕਾਫੀ ਗਿਣਤੀ ਵਿੱਚ ਹਵਾਈ ਅੱਡੇ 'ਤੇ ਪਹੁੰਚੀ ਹੋਈ ਸੀ। ਪਰ ਕਿਸੇ ਕਾਰਣ ਗਰੀਬ-ਨਿਵਾਜ਼ ਜੀ ਇਸ ਸਮੇਂ ਹਵਾਈ ਜਹਾਜ਼ 'ਤੇ ਨਾ ਆਏ ਤੇ ਸੰਗਤ ਨਿਰਾਸ਼ ਹੋ ਕੇ ਵਾਪਿਸ ਆਪਣੇ ਘਰਾਂ ਨੂੰ ਚਲੀ ਗਈ। ਉਸੇ ਰਾਤ ਡੇਢ ਵਜੇ ਦੇ ਕਰੀਬ ਸੇਠ ਗੁਰਬਖਸ਼ ਸਿੰਘ ਜੀ ਦੇ ਘਰ ਦਾ ਟੈਲੀਫ਼ੋਨ ਖੜਕਿਆ ਕਿ 'ਸ੍ਰੀ ਸਤਿਗੁਰੂ ਜੀ ਆਪਣੇ ਹਜ਼ੂਰੀ ਜਥੇ ਸਮੇਤ ਹਵਾਈ ਜਹਾਜ਼ ਰਾਹੀਂ ਪਹੁੰਚ ਗਏ ਹਨ ਤੇ ਹਵਾਈ ਅੱਡੇ 'ਤੇ ਕੋਈ ਨਾਮਧਾਰੀ ਵੀਰ ਨਹੀਂ ਪਹੁੰਚਿਆ ਹੋਇਆ। ਸੋ ਉਸ ਵੇਲੇ ਸੰਫ਼ੈਙ ਰਹਿੰਦੇ ਹੋਰ ਦੋ-ਤਿੰਨ ਘਰਾਂ ਤੋਂ ਸਿੱਖ ਝੱਟ ਪਟ ਤਿਆਰ ਹੋ ਕੇ ਹਵਾਈ ਅੱਡੇ 'ਤੇ ਪਹੁੰਚੇ ਤੇ ਇਹ ਟੈਲੀਫ਼ੋਨ ਕਰਨ ਵਾਲਾ ਸ. ਜਸਵੰਤ ਸਿੰਘ ਸੇਠੀ (ਰਾਧਾ ਸਵਾਮੀ) ਆਪਣੇ ਕਿਸੇ ਰਿਸ਼ਤੇਦਾਰ ਨੂੰ ਲੈਣ ਗਿਆ ਹੋਇਆ ਸੀ।

**ਚੱਲਦਾ......**

# ਅੜਬੰਗੀ (ਨਾਵਲ)

✍-ਸੰਤ ਇੰਦਰ ਸਿੰਘ ਚੱਕ੍ਰਵਰਤੀ

ਅੱਜ ਜਦ ਮੈਂ ਐਸ.ਪੀ. ਸਾਹਿਬ ਦੇ ਦਫ਼ਤਰ ਪੁੱਜਾ ਤਾਂ ਸਾਹਿਬ ਬਾਰਬਟਨ ਨੇ ਮੈਨੂੰ ਚਾਈਂ ਚਾਈਂ ਉਤਾਵਲੀ ਜਿਹੀ ਨਾਲ ਹੁਕਮ ਦਿਤਾ ਕਿ ਜ਼ਿਲ੍ਹਾ ਫਿਰੋਜ਼ਪੁਰ ਤੇ ਬੀਕਾਨੇਰ ਸਟੇਟ ਦੀ ਹੱਦ ਦੇ ਨਾਲ ਲਗਦੇ ਪਿੰਡਾਂ ਵਿਚ ਮਸ਼ਹੂਰ ਕਾਤਿਲ ਤੇ ਡਕੈਤ ਅੜਬੰਗੀ ਦਾ ਪਤਾ ਲੱਗਾ ਹੈ। ਉਸ ਦੀ ਗ੍ਰਿਫ਼ਤਾਰੀ ਲਈ ਐਤਕਾਂ ਮੈਂ ਖ਼ੁਦ ਆਪ ਜਾਣਾ ਚਾਹੁੰਦਾ ਹਾਂ। ਤੁਸੀਂ ਵੀ ਨਾਲ ਚਲਣਾ ਹੈ, ਇਸ ਲਈ ਜਲਦੀ ਤੇ ਅੱਜ ਹੀ ਤਿਆਰੀ ਕਰੋ ਅਤੇ ਬਾਕੀ ਦਾ ਵੀ ਆਪਣੇ ਮਨ-ਪਸੰਦ ਦਾ ਅਮਲਾ ਨਾਲ ਲੈ ਚੱਲੋ।

ਸਾਡੇ ਐਸ.ਪੀ, ਬਾਰਬਟਨ ਸਾਹਿਬ ਦੀ ਹੀ ਨਹੀਂ, ਸਗੋਂ ਸਾਰੀ ਪੰਜਾਬ ਸਰਕਾਰ ਤੇ ਪੰਜਾਬ ਪੁਲੀਸ ਦੀ ਨਿਗਾਹ ਵਿੱਚ ਅੜਬੰਗੀ ਬਹੁਤ ਵੱਡਾ ਡਾਕੂ, ਡੇਢ ਦਰਜਨ ਰਾਜਸੀ ਕਤਲਾਂ ਦਾ ਮੁਜਰਮ ਤੇ ਬਾਗ਼ੀ ਕੂਕਿਆਂ ਦੇ ਗਰੋਹ ਦਾ ਸਰਦਾਰ ਸੀ।

ਇਹ ਮਾਝੇ ਦੇ ਮੁਰਾਣਾ ਨਾਮੀ ਪਿੰਡ ਦਾ ਰਹਿਣ ਵਾਲਾ ਮਝੈਲ, ਡਾਕੂਆਂ ਦੇ ਰੋਹ ਦਾ ਜਥੇਦਾਰ ਸੀ। ਪਰ ਕੂਕਿਆਂ ਦੇ ਗੁਰੂ ਰਾਮ ਸਿੰਘ ਦਾ ਇਸ ਤੇ ਅਜਿਹਾ ਅਸਰ ਪਿਆ ਕਿ ਇਹ ਘਰ ਬਾਰ, ਬਾਲ ਬੱਚਾ ਛੱਡ ਛੁਡਾ, ਉਸ ਦੇ ਨਾਲ ਹੀ ਰਹਿਣ ਲੱਗ ਪਿਆ। ਕੂਕਿਆਂ ਦੇ ਸਾਰੇ ਰਾਜਸੀ ਕਤਲਾਂ ਵਿੱਚ ਅੱਵਲ ਤਾਂ ਉਹ ਆਪ ਹੁੰਦਾ ਸੀ, ਨਹੀਂ ਤਾਂ ਇਹ ਉਸ ਦੇ ਸਲਾਹ ਮਸ਼ਵਰੇ ਨਾਲ ਹੀ ਹੋਇਆ ਕਰਦੇ ਹਨ।

ਸਾਡੇ ਸੁਪ੍ਰੀਟੈਂਡੈਂਟ ਬਾਰਬਟਨ ਸਾਹਿਬ ਦਾ ਇਹ ਦਾਹਵਾ ਸੀ ਕਿ ਰਾਇਕੋਟ, ਮੋਰਿੰਡੇ, ਡੂੰਮ ਅਤੇ ਮਾਲੇਰਕੋਟਲੇ ਆਦਿ ਦੀਆਂ ਸਭਨਾਂ ਵਾਰਦਾਤਾਂ ਵਿੱਚ ਇਹ ਆਪ ਮੌਜੂਦ ਸੀ। ਪਰ ਕਿਸਮਤ ਦਾ ਅਜਿਹਾ ਬਲੀ ਸੀ ਕਿ ਉਸ ਦੇ ਖਿਲਾਫ਼ ਸਾਡੇ ਕਿਸੇ ਕੋਲ ਕੋਈ ਵੀ ਸਬੂਤ ਨਹੀਂ ਸੀ। ਮੌਕੇ ਦੀ ਸ਼ਹਾਦਤ ਹੀ ਕੋਈ ਨਹੀਂ ਸੀ। ਸਾਰੀ ਪੰਜਾਬ ਪੁਲੀਸ ਅਤੇ ਖ਼ਾਸ ਕਰ ਕੇ ਲੁਧਿਆਣਾ ਪੁਲੀਸ ਸਟਾਫ਼ ਦੇ ਸਾਰਾ ਜ਼ੋਰ ਲਾਉਣ ਤੇ ਵੀ ਇਹ ਕਿਸੇ ਕੇਸ ਵਿਚ ਫੱਸ ਨਾ ਸੱਕਿਆ। ਇਹ ਕੋਈ ਇਸ ਦੇ ਭਾਗਾਂ ਦੀ ਗੱਲ ਸੀ ਜਾਂ ਇਸ ਦੇ ਗੁਰੂ ਦੀ ਕਰਾਮਾਤ ਸੀ। ਇਸ ਦੇ ਹੁਣੇ ਹੁਣੇ ਕੀਤੇ ਤਾਜੇ ਵਾਕੇ ਨੇ ਪੰਜਾਬ ਸਰਕਾਰ ਦੇ ਘਰ ਘਿਉ ਦੇ ਦੀਵੇ ਬਾਲ ਦਿੱਤੇ ਸਨ।

ਗੱਲ ਇਹ ਸੀ ਕਿ ਮਾਲੇਰ-ਕੋਟਲੇ ਦਾ ਬਹਾਨਾ ਬਣਾ ਕੇ ਕੂਕਿਆਂ ਦੇ ਗੁਰੂ ਰਾਮ ਸਿੰਘ ਨੂੰ ਉਸ ਦੇ ਬਾਈ ਸੂਬਿਆਂ ਸਮੇਤ ਜਲਾਵਤਨ ਕਰ ਦਿੱਤਾ ਗਿਆ ਸੀ ਅਤੇ ਕੁਝ ਇੱਕ ਹੋਰ ਪ੍ਰਸਿੱਧ ਕੂਕਿਆਂ ਨੂੰ ਵੀ ਨਜ਼ਰਬੰਦ ਕਰ ਦਿੱਤਾ ਗਿਆ ਸੀ ਅਤੇ ਕੂਕਿਆਂ ਦੀਆਂ ਮਸ਼ਹੂਰ ਕੇਂਦਰੀ ਥਾਵਾਂ ਤੇ ਪੁਲਿਸ ਦੀਆਂ ਤਾਜ਼ੀਰੀ ਚੌਂਕੀਆਂ ਬਿਠਾ ਦਿੱਤੀਆਂ ਗਈਆਂ ਸਨ। ਸਾਰੇ ਕੂਕੇ ਪੰਥ ਨੂੰ ਬਾਗ਼ੀ ਕਰਾਰ ਦੇ ਕੇ ਜਰਾਇਮ ਪੇਸ਼ਾ ਲੋਕਾਂ ਵਾਂਗ ਹਾਜ਼ਰੀ ਲਈ ਜਾਂਦੀ ਸੀ। ਕੂਕਿਆਂ ਦੇ ਸਭ ਤੋਂ ਵੱਡੇ ਧਰਮ ਸਥਾਨ, ਭੈਣੀ ਸਾਹਿਬ ਦੀ ਦਰਸ਼ਨੀ ਡਿਉਢੀ ਵਿੱਚ ਉਨ੍ਹਾਂ ਦੇ ਪਵਿੱਤਰ ਗੁਰਦੁਆਰੇ ਅੰਦਰ ਦਸ ਸਿਪਾਹੀ ਤੇ ਇੱਕ ਸਾਰਜੰਟ ਤਾਇਨਾਤ ਕਰਕੇ ਬਿਠਾ ਦਿੱਤੇ ਗਏ ਸਨ, ਜੋ ਸਾਰੇ ਦੇ ਸਾਰੇ ਕੱਟੜ ਮੁਸਲਮਾਨ ਤੇ ਮਜ਼ਹਬੀ ਜਨੂੰਨੀ ਜਿਹੇ ਸਨ। ਕੁਝ ਸਾਲ ਤਾਂ ਓਥੇ ਦੇ ਵਾਸੀਆਂ ਤੋਂ ਬਿਨਾਂ ਹੋਰ ਕਿਸੇ ਨੂੰ ਵੀ ਅੰਦਰ ਨਹੀਂ ਸੀ ਜਾਣ ਦਿੱਤਾ ਜਾਂਦਾ। ਫਿਰ ਇਹ ਪਾਬੰਦੀ ਜੋ ਸੰਨ 1872 ਦੀ ਜਨਵਰੀ ਤੋਂ ਲਗਾਤਾਰ ਚੱਲੀ ਆ ਰਹੀ ਸੀ ਅਤੇ ਸੰਨ 1891-92 ਤੀਕ ਰਹੀ, ਸੰਨ 1892 ਵਿੱਚ ਕੁਝ ਕੁਝ ਨਰਮ ਹੋਈ ਸੀ, ਉਹ ਵੀ ਇੰਝ ਕਿ ਹਰ ਚੌਵੀ ਘੰਟਿਆਂ ਪਿੱਛੋਂ ਆਪਣੇ ਗੁਰੂਧਾਮ ਤੇ ਗੁਰੂ ਭਰਾਤਾ ਦੇ ਦਰਸ਼ਨ ਕਰਨ ਆਏ ਕੂਕਿਆਂ ਨੂੰ, ਕੇਵਲ ਦਸਾਂ ਨੂੰ, ਉਹਨਾਂ ਦਾ ਪੂਰਾ ਪੂਰਾ ਨਾਂ ਪਤਾ ਲਿਖ ਕੇ ਅੰਦਰ ਜਾਣ ਦਿੱਤਾ ਜਾਂਦਾ। ਮੁਕੱਰਰ ਵਕਤ 24 ਘੰਟਿਆਂ ਪਿੱਛੋਂ ਉਹਨਾਂ ਨੂੰ ਮਜਬੂਰਨ ਬਾਹਰ ਕੱਢ ਕੇ ਫਿਰ ਹੋਰ ਦਸ ਅੰਦਰ ਆਉਣ ਦਿੱਤੇ ਜਾਂਦੇ। ਇਸ ਪਾਬੰਦੀ ਦੇ ਹੁੰਦਿਆਂ ਵੀ ਭੈਣੀ ਦੀ ਹੱਦ ਅੰਦਰ ਕੂਕੇ ਹਰਲ ਹਰਲ ਕਰਦੇ ਫਿਰਦੇ। ਕਈਆਂ ਦੀ ਵਾਰੀ ਤਾਂ ਸੱਤ ਸੱਤ ਅੱਠ ਅੱਠ ਦਿਨਾਂ ਮਗਰੋਂ ਆਉਂਦੀ। ਏਨੇ ਦਿਨ ਉਹ ਭੁੱਖੇ ਪਿਆਸੇ ਹਸਦੇ ਹਸਦੇ, ਕੀਰਤਨ ਕਰਦੇ ਗੁਜ਼ਾਰ ਲੈਂਦੇ। ਇਨ੍ਹਾਂ ਨੂੰ ਸਾਡੀ ਚੌਂਕੀ ਦੇ ਸਿਪਾਹੀ ਬਹੁਤ ਤੰਗ ਕਰਦੇ। ਪਤਾ ਨਹੀਂ ਕਿਸ ਮਿੱਟੀ ਦੇ ਬਣੇ ਹੋਏ ਸਨ, ਸਾਰਾ ਦੁੱਖ, ਭੁੱਖ, ਕਸ਼ਟ ਤੇ ਕਲੇਸ਼ ਬਿਨਾਂ ਕਿਸੇ ਸ਼ਿਕਵੇ ਸ਼ਕਾਇਤ ਦੇ ਬਰਦਾਸ਼ਤ ਕਰੀ ਜਾਂਦੇ, ਪਰ ਆਪਣੇ ਗੁਰੂ ਦੇ ਭਾਈ ਦੇ, ਜਿਸ ਨੂੰ ਇਹ ਸ੍ਰੀ ਗੁਰੂ ਹਰੀ ਸਿੰਘ ਜੀ ਆਖਦੇ ਹਨ, ਦਰਸ਼ਨ ਕਰੇ ਬਿਨਾਂ ਨਾ ਟਲਦੇ। ਜਿਸ ਭੈਣੀ ਦੀ ਹਦੂਦ ਅੰਦਰ, ਉਥੋਂ ਦੇ ਰਹਿਣ ਵਾਲਿਆਂ ਤੋਂ ਬਿਨਾਂ ਹੋਰ ਓਪਰਾ ਕੋਈ ਵੀ ਕੂਕਾ ਨਜ਼ਰੀ ਨਹੀਂ ਸੀ ਪੈਂਦਾ, ਉੱਥੇ ਹੁਣ ਗਰੋਹਾਂ ਦੇ ਗਰੋਹ ਜਥਿਆਂ ਦੇ ਜਥੇ ਆਉਣ ਲੱਗ ਪਏ। ਜਿਨ੍ਹਾਂ ਨੂੰ ਸਾਡੀ ਚੌਂਕੀ ਦੇ ਸਿਪਾਹੀ ਨਾ ਉੱਥੇ ਹੀ ਚੈਨ ਨਾਲ ਟਿਕਣ ਦਿੰਦੇ ਅਤੇ ਨਾ ਹੀ ਨਾਲ ਲੱਗਦੇ ਪਿੰਡਾਂ- ਰਾਈਆਂ, ਕੋਟ, ਤੱਖਰ, ਕਟਾਣੀ, ਲੱਲਾਂ - ਵਿੱਚ ਹੀ ਵੜਨ ਦਿੰਦੇ। ਜੋ ਕੁਝ ਨਕਦੀ ਉਨ੍ਹਾਂ ਕੋਲ ਹੁੰਦੀ, ਉਹ ਡਰਾ ਧਮਕਾ ਕੇ ਉਂਵ ਖੋਹ ਖਿੱਚ ਲੈਂਦੇ।ਅਸੀਂ ਜਾਂ ਸਾਡੇ ਹਰ ਆਹਲਾ ਅਫ਼ਸਰ ਤੇ ਪੁਲਿਸ ਇਸ ਕੰਮ ਦਾ ਕੋਈ ਵੀ ਨੋਟਿਸ ਨਾ ਲੈਂਦੇ, ਸਗੋਂ ਖੁਸ਼

ਹੁੰਦੇ, ਕਿਉਂਕਿ ਸਾਡੀ ਸਰਕਾਰ ਅੰਗਰੇਜ਼ੀ ਦੀ ਇਹ ਨੀਤੀ ਸੀ ਕਿ ਕੂਕਿਆਂ ਨੂੰ ਜਿੰਨਾ ਤੰਗ ਕੀਤਾ ਜਾਏ ਓਨਾ ਹੀ ਥੋੜ੍ਹਾ ਹੈ, ਤਾਂ ਜੋ ਉਹ ਇੱਥੇ ਆਉਣ ਤੋਂ ਹਟ ਜਾਣ।

**2**

ਕੂਕਿਆਂ ਦੇ ਗੁਰੂ ਰਾਮ ਸਿੰਘ ਦੇ ਗ੍ਰਿਫ਼ਤਾਰ ਹੋ ਜਾਣ ਪਿੱਛੋਂ, ਸਾਰੇ ਕੂਕੇ ਉਸ ਦੇ ਆਪਣੇ ਛੋਟੇ ਭਾਈ ਬੁਧ ਸਿੰਘ ਨੂੰ, ਆਪਣਾ ਉਵੇਂ ਹੀ ਗੁਰੂ ਮੰਨਣ ਲੱਗ ਪਏ ਸਨ।

ਅਸਲ ਵਿੱਚ ਕੂਕਿਆਂ ਦੇ ਗੁਰੂ ਨੇ, ਜਲਾਵਤਨ ਹੋਣ ਤੋਂ ਕੁਝ ਚਿਰ ਪਹਿਲਾ ਹੀ ਜਿਵੇਂ ਉਸ ਨੂੰ ਸਾਰਾ ਪਤਾ ਸੀ, ਆਪਣੇ ਸਾਰੇ ਅਧਿਕਾਰ, ਚੁੱਪ-ਚਾਪ, ਆਪਣੇ ਕੁਝ ਖ਼ਾਸ ਇਤਬਾਰੀ ਬੰਦਿਆਂ ਦੇ ਸਾਹਵੇਂ ਲਾਟੋਂ ਦੀ ਚੱਕੀ ਵਿੱਚ ਮਹਾਰਾਜ ਬੁਧ ਸਿੰਘ ਨੂੰ ਦੇ ਦਿੱਤੇ ਸਨ। ਕਿਸੇ ਨੂੰ ਇਸ ਦਾ ਆਮ ਪਤਾ ਨਹੀਂ ਸੀ ਲੱਗਣ ਦਿੱਤਾ। ਸਰਕਾਰੀ ਮੁਖ਼ਬਰ, ਸੀ ਆਈ ਡੀ. ਵੀ ਇਸ ਦੀ ਸੂਹ ਨਾ ਲੈ ਸਕੀ।

ਗੱਲ ਇਹ ਸੀ ਕਿ ਗੁਰੂ ਰਾਮ ਸਿੰਘ ਜੀ ਦੇ ਸਮੇਂ, ਕੂਕਿਆਂ ਵਿੱਚ ਬੁਧ ਸਿੰਘ ਦੀ ਕੋਈ ਵੀ ਖਾਸ ਸ਼ੋਹਰਤ ਨਹੀਂ ਸੀ। ਉਹ ਏਡਾ ਚੁੱਪ ਗੁਪ ਸੀ ਕਿ ਜਿੰਨੀ ਉਸ ਵਕਤ ਸੂਬਾ ਜਵਾਹਰ ਸਿੰਘ ਦੀ ਇੱਜ਼ਤ ਜਾਂ ਲੱਖਾ ਸਿੰਘ ਤੇ ਸਾਹਿਬ ਸਿੰਘ ਦਾ ਸਤਿਕਾਰ ਸੀ, ਉਸ ਦਾ ਸੌਵਾਂ ਹਿੱਸਾ ਵੀ ਇਸ ਦਾ ਨਹੀਂ ਸੀ। ਉਨ੍ਹਾਂ ਦਿਨਾਂ ਵਿੱਚ ਉਹ ਅਸਲੋਂ ਗੁੰਮ ਨਾਮ ਸੀ ਅਤੇ ਖੇਤੀ ਬਾੜੀ ਕਰਕੇ ਗੁਜ਼ਾਰਾ ਕਰਦਾ ਸੀ।

ਇਕ ਵਾਰੀ ਇਸ ਨੂੰ ਖੂਹ ਵਿੱਚੋਂ ਪਾਣੀ ਕੱਢਣ ਵਾਲੇ ਚਰਸੇ ਦੀ ਲਾਂ ਦੀ ਲੋੜ ਸੀ। ਉਸ ਕੂਕਿਆਂ ਦੇ ਡੇਰੇ ਵਿੱਚੋਂ ਲਾਂ ਚੁੱਕ ਲਿਆਂਦੀ। ਇਸਦਾ ਪਤਾ ਜਦ ਗੁਰੂ ਰਾਮ ਸਿੰਘ ਦੇ ਖੇਤੀ ਬਾੜੀ ਦੇ ਮੋਹਰੀ ਆਗੂ ਮਹੰਤ ਗੁਰਦਿੱਤ ਸਿੰਘ ਜੀ ਨੂੰ ਲੱਗਾ, ਤਦ ਉਹ ਝੱਟ ਆਪਣੀ ਲਾਂ ਵਾਪਸ ਲੈ ਆਇਆ। ਗੁਰੂ ਰਾਮ ਸਿੰਘ ਜੀ ਨੂੰ ਇਸ ਦਾ ਪਤਾ ਲੱਗ ਜਾਣ ਤੇ ਵੀ ਉਨ੍ਹਾਂ ਮਹੰਤ ਗੁਰਦਿੱਤ ਸਿੰਘ ਜੀ ਨੂੰ ਕੁਝ ਨਾ ਕਿਹਾ ਅਤੇ ਨਾ ਹੀ ਮੁੜ ਲੱਜ ਇਨ੍ਹਾਂ ਨੂੰ ਵਾਪਸ ਦੁਆਈ।

ਇਹ ਕੂਕਿਆਂ ਦੇ ਗੁਰੂ ਦੀ ਇੱਕ ਬਹੁਤ ਵੱਡੀ ਭੇਦ ਭਰੀ ਨੀਤੀ ਸੀ। ਇਸ ਦਾ ਪਤਾ ਓਦੋਂ ਲੱਗਾ ਜਦ ਉਸ ਨੂੰ ਇਲਾਹਾਬਾਦ ਤੋਂ ਰੰਗੂਨ ਲੈ ਜਾਣ ਵੇਲੇ ਪੁੱਛਿਆ ਗਿਆ ਕਿ - "ਤੁਹਾਡੇ ਸਥਾਨ ਦੀਆਂ ਚਾਬੀਆਂ ਕਿਸ ਨੂੰ ਸੰਭਾਲੀਆਂ ਜਾਣ ? ਤਦ ਉਸ ਨੇ ਤੇ ਉਸ ਦੇ ਨਾਲ ਜੋ ਉਸ ਦੇ ਸੂਬੇ ਸਨ, ਸਭਨਾਂ ਨੇ ਇਹੀ ਕਿਹਾ ਸੀ ਕਿ - "ਇਸ ਕੰਮ ਦੇ ਲਾਇਕ, ਬਾਬਾ ਬੁਧ ਸਿੰਘ ਜੀ ਮਹਾਰਾਜ ਤੋਂ ਬਿਨਾਂ ਹੋਰ ਕੋਈ ਵੀ ਨਹੀਂ।"

ਫਿਰ ਸਰਕਾਰ ਦੀਆਂ ਅੱਖਾਂ ਖੁੱਲੀਆਂ ਅਤੇ ਹੁਣ ਪਛੋਤਾਵਾ ਕੀਤਿਆਂ ਕੀ ਹੋ ਸਕਦਾ ਸੀ, ਜਦ ਕਿ ਗੁਰੂ ਰਾਮ ਸਿੰਘ ਜੀ ਦੀ ਗ੍ਰਿਫ਼ਤਾਰੀ ਸਮੇਂ ਇਹ ਖੁਦ ਇਕਬਾਲੀ ਹੁੰਦਾ ਸੀ ਕਿ ਮੈਂ ਸਦਾ ਗੁਰੂ ਰਾਮ ਸਿੰਘ ਦੇ ਨਾਲ ਰਿਹਾ ਹਾਂ ਤੇ ਮਸਤਾਨਿਆਂ ਨੂੰ ਬੁੱਚੜ ਮਾਰਨ ਲਈ ਮੈਂ ਹੀ ਉਕਸਾਇਆ ਸੀ। ਤਦ ਇਸ ਨੂੰ ਵੀ ਕਿਉਂ ਨਾ ਨਾਲ ਹੀ ਫੜ ਕੇ ਡੱਕ ਦਿੱਤਾ।

ਓਦੋਂ ਤੋਂ ਬਾਰਬਟਨ ਸਾਹਿਬ ਦੀ ਮੇਮ, ਮਿਸਜ਼ ਬਾਰਬਰਟਨ ਨੇ, ਸਾਹਿਬ ਦੇ ਮਨਾ ਕਰਦਿਆਂ ਵੀ, ਗੁਰੂ ਰਾਮ ਸਿੰਘ ਦੇ ਨਿਵਾਸ ਸਥਾਨ ਦਾ ਸਾਰਾ ਪਤਾ ਦੱਸ ਦਿੱਤਾ ਸੀ ਅਤੇ ਦਰਬਾਰਾ ਸਿੰਘ ਰਾਇਪੁਰੀਆ, ਸਾਡੀ ਚਲਾਕ ਸੀ. ਆਈ.ਡੀ. ਦੇ ਅੱਖੀਂ ਘੱਟਾ ਪਾ ਕੇ, ਰੰਗੂਨ ਜਾ ਕੇ, ਗੁਰੂ ਨੂੰ ਮਿਲ ਕੇ, ਉਸ ਕੋਲੋਂ ਇਹ ਲਿਖਵਾ ਕੇ ਲੈ ਆਇਆ - "ਭਾਈ ਹੋਰ ਤੇ ਕੋਈ ਦੁੱਖ ਨਹੀਂ, ਸਾਰੇ ਸੁਖ ਨੇ ਇਕ ਸੰਗਤ ਦੇ ਵਿਛੋੜੇ ਦਾ ਦੁੱਖ ਹੈ। ਇਹ ਦੁੱਖ ਗੁਰੂ ਸਾਹਿਬ ਦੇ ਮੇਟਣ ਦਾ ਹੈ, ਜਦ ਚਾਹੂ ਤੁਰਤ ਮੇਟ ਦਊ। ਭਾਈ ਮੇਰੇ ਥਾਂ ਤੇ ਅੱਜ ਤੋਂ ਭਾਈ ਬੁੱਧ ਸਿੰਘ ਹੋਇਆ। ਇਹ ਮੇਰੇ ਧੱਕੇ ਨੂੰ ਬਖਸ਼ ਦੇਊ, ਇਸ ਦੇ ਧੱਕੇ ਨੂੰ ਮੈਂ ਨਹੀਂ ਬਖਸ਼ਾਂਗਾ। ਇਸ ਨੂੰ ਸਿਰ ਕਰਤਾ ਜਾਣਨਾ। ਇਹ ਸਿੱਖੀ ਹਰੀ ਰੱਖੇਗਾ। ਇਸ ਦਾ ਨਾਂ ਹਰੀ ਸਿੰਘ ਸੱਦਣਾ, ਸਭ ਨੇ, ਮਾਈ ਬੀਬੀ ਬੁੱਢੇ ਬਾਲੇ ਨੇ...?

ਬੱਸ। ਤਦ ਤੋਂ ਕੂਕੇ ਇਸ ਨੂੰ ਗੁਰੂ ਰਾਮ ਸਿੰਘ ਵਾਂਗ ਹੀ ਆਪਣਾ ਗੁਰੂ ਮੰਨਦੇ ਹਨ ਅਤੇ ਉਸ ਦੇ ਹਰ ਹੁਕਮ ਨੂੰ ਖੁਦਾਈ ਹੁਕਮ ਸਮਝ, ਉਸ ਅੱਗੇ ਵੀ ਉਸੇ ਤਰ੍ਹਾਂ ਸਿਰ ਝੁਕਾਂਦੇ ਹਨ। ਬਾਰਬਟਨ ਦੀਆਂ ਤਦ ਅੱਖਾਂ ਖੁੱਲੀਆਂ ਜਦ ਇਸ ਚਿੱਠੀ ਦੀ ਨਕਲ ਇਕ ਮੁਖ਼ਬਰ ਨੇ ਲਿਆ ਕੇ ਦਿੱਤੀ। ਤਦ ਤੋਂ ਇਕੱਲੇ ਐਸ.ਪੀ. ਸਾਹਿਬ ਨਹੀਂ ਸਗੋਂ ਸਾਰੀ ਪੰਜਾਬ ਸਰਕਾਰ ਬਾਜ਼ਾਰ ਹੈ। ਕਰੇ ਤੇ ਕੀ ਕਰੇ? ਜਦ ਇੱਕ ਵੀ ਚੀਜ਼ ਉਸ ਦੇ ਖਿਲਾਫ਼ ਨਹੀਂ ਮਿਲਦੀ। ਬਾਰਬਟਨ ਸਾਹਿਬ ਜੋ ਆਖਦਾ ਹੈ, ਉਹ ਧੀਰ ਤੇ ਗੰਭੀਰਤਾ ਨਾਲ ਸਾਰੀ ਗੱਲ ਸੁਣ ਕੇ ਖ਼ਾਮੋਸ਼ ਰਹਿੰਦਾ ਹੈ। ਨਾ ਕੁਝ ਬੋਲਦਾ ਹੈ ਨਾ ਜਵਾਬ ਦਿੰਦਾ ਹੈ। ਜੇ ਕੋਈ ਸੁਭਾਵਕ ਵੀ ਉਸ ਦੇ ਵੱਡੇ ਭਰਾ ਦਾ ਨਾਂ ਲੈ ਲੈਂਦਾ ਹੈ ਤਾਂ ਉਸ ਦੀਆਂ ਅੱਖਾਂ ਵਿੱਚੋਂ ਬੇਵਸੇ ਅੱਥਰੂ ਵਹਿ ਤੁਰਦੇ ਹਨ। ਉਹ ਅੰਗਰੇਜ਼ ਸਰਕਾਰ ਦੇ ਵੱਡੇ ਅਫ਼ਸਰਾਂ ਨੂੰ ਸਦਾ ਪੁੱਛਦਾ ਰਹਿੰਦਾ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਕਿੱਥੇ ਹਨ ਤੇ ਕਿਸ ਹਾਲਤ ਵਿੱਚ ਹਨ ? ਉਨ੍ਹਾਂ ਦਾ ਕੀ ਕਸੂਰ ਹੈ, ਕਿਉਂ ਨਹੀਂ ਉਨ੍ਹਾਂ ਨੂੰ ਏਥੇ ਵਾਪਸ ਲਿਆਇਆ ਜਾਂਦਾ ।

ਇਹ ਸੁਣ ਪੜ੍ਹ ਕੇ ਅਫ਼ਸਰ ਚੁੱਪ ਰਹਿੰਦੇ ਹਨ ਪਰ ਹੁਣ ਸਾਰੇ ਇਹ ਜ਼ਰੂਰ ਮਹਿਸੂਸ ਕਰਨ ਲੱਗ ਪਏ ਹਨ ਕਿ ਇਹ ਵੀ ਉਸ ਨਾਲੋਂ ਕੋਈ ਘੱਟ ਖ਼ਤਰਨਾਕ ਨਹੀਂ। ਚੋਰੀ ਚੋਰੀ ਸਿੱਖਾਂ ਨੂੰ ਉਸ ਕੋਲ ਭੇਜਦਾ ਰਹਿੰਦਾ ਹੈ। ਇਸ ਕੋਲ ਸਦਾ ਉਸ ਦੀਆਂ ਸੋਆਂ ਆਉਂਦੀਆਂ ਰਹਿੰਦੀਆਂ ਹਨ। ਇਸ ਨੇ ਰੂਸ ਵਿਚ ਆਪਣੇ ਬੰਦੇ ਭੇਜ ਕੇ ਉਸ ਨੂੰ ਹਿੰਦੁਸਤਾਨ ਤੇ ਹਮਲਾ ਕਰਨ ਦੀ ਪ੍ਰੇਰਨਾ ਦਿੱਤੀ ਹੈ। ਇਸ ਦੇ ਭੇਜੇ ਹੋਏ ਦੋ ਸਿੱਖ ਧੰਨਾ ਸਿੰਘ ਗੁਮਟੀ ਤੇ ਮੀਂਹਾਂ ਸਿੰਘ ਸਰਹਾਲੀ ਓਧਰ

ਉਨਾਂ ਵਿੱਚੋਂ ਕਿਸੇ ਵੀ ਇਹ ਨਹੀਂ ਮੰਨਿਆ ਕਿ ਸਾਨੂੰ ਗੁਰੂ ਹਰੀ ਸਿੰਘ ਜੀ ਨੇ ਭੇਜਿਆ ਹੈ। ਸਰਕਾਰ ਦੰਦ ਪਈ ਕਰੀਚਦੀ ਹੈ ਪਰ ਉਸ ਦੇ ਖਿਲਾਫ਼ ਇੱਕ ਵੀ ਗੱਲ ਨਹੀਂ ਲੱਭ ਰਹੀ ਜੋ ਰਿਕਾਰਡ ਵਿੱਚ ਲਿਆ ਕੇ ਉਸ ਨੂੰ ਕੁਝ ਕਿਹਾ ਜਾ ਸਕੇ।

ਜਿਹਾ ਕਿ ਮੈਂ ਪਹਿਲਾਂ ਦੱਸ ਆਇਆ ਹਾਂ ਕਿ ਹੁਣ ਇਸ ਗੁਰੂ ਹਰੀ ਸਿੰਘ ਦੇ ਦਰਸ਼ਨ ਕਰਨ ਲਈ ਦੂਰੋਂ ਦੂਰੋਂ ਕੂਕੇ ਆਉਂਦੇ ਹਨ ਪਰ ਸਰਕਾਰੀ ਹੁਕਮ ਅਨੁਸਾਰ 24 ਘੰਟੇ ਪਿੱਛੋਂ ਦਸਾਂ ਤੋਂ ਵੱਧ ਗੁਰਦੁਆਰੇ ਅੰਦਰ ਨਹੀਂ ਜਾਣ ਦਿੱਤੇ ਜਾਂਦੇ ਅਤੇ ਨਾ ਹੀ ਭੈਣੀ ਦੀ ਹਦੂਦ ਅੰਦਰ ਹੀ ਠਹਿਰਨ ਦਿੱਤੇ ਜਾਂਦੇ ਹਨ। ਦੁਆਲੇ ਦੇ ਸਾਰੇ ਪਿੰਡਾਂ ਨੂੰ ਤਾੜਨਾ ਕਰ ਦਿੱਤੀ ਗਈ ਹੈ ਕਿ ਕੋਈ ਵੀ ਕੂਕਾ ਪਿੰਡ ਨਾ ਰਹਿਣ ਦਿੱਤਾ ਜਾਵੇ, ਜੇ ਕਿਸੇ ਦੇ ਰਹਿ ਜਾਣ ਦਾ ਸਬੂਤ ਮਿਲ ਗਿਆ ਤਾਂ ਨੰਬਰਦਾਰੀ ਤੋਂ ਖਾਰਜ ਤੇ ਨਾਲ ਹੋਰ ਸਜ਼ਾ ਵੀ ਦਿੱਤੀ ਜਾਏਗੀ।

ਇਸ ਤੋਂ ਡਰਦੇ ਲੋਕੀ ਇਨ੍ਹਾਂ ਨੂੰ ਨੇੜੇ ਨਹੀਂ ਲੱਗਣ ਦਿੰਦੇ। ਇਹ ਕਿਸੇ ਨੂੰ ਕਿਸੇ ਤਰ੍ਹਾਂ ਵੀ ਤੰਗ ਨਹੀਂ ਕਰਦੇ। ਕਿਸੇ ਦੀ ਦਿੱਤੀ ਕੋਈ ਵੀ ਚੀਜ਼ ਨਹੀਂ ਖਾਂਦੇ। ਰੋਟੀ ਆਪਣੀ ਆਪ ਪਕਾਉਂਦੇ ਹਨ ਪਰ ਭੁੱਖੇ ਆਪਣੀ ਮੌਜ ਵਿੱਚ ਮਸਤ ਤੇ ਬੇਪ੍ਰਵਾਹ ਰਹਿੰਦੇ ਹਨ।

## 3

ਕੂਕਿਆਂ ਦੇ ਕਾਮਲ ਜਜ਼ਬੇ ਨੂੰ ਤੱਕ, ਇੱਕ ਦਿਨ ਮੇਰਾ ਵੀ ਜੀ ਪਿਆ ਕਰੇ, ਕਿ ਮੈਂ ਵੀ ਕੂਕਾ ਹੋ ਜਾਵਾਂ। ਕਿਉਂਕਿ ਜਿਸ ਗੱਲ ਨੇ ਮੈਨੂੰ ਪ੍ਰਭਾਵਿਤ ਕੀਤਾ ਹੈ ਉਹ ਮੈਂ ਕਿਸੇ ਤੋਂ ਵੀ ਸੁਣੀ ਸੁਣਾਈ ਨਹੀਂ ਸਗੋਂ ਆਪਣੀ ਅੱਖੀ ਡਿੱਠੀ ਹੈ। ਗੱਲ ਇਹ ਸੀ ਕਿ ਕੂਕਿਆਂ ਦਾ ਇੱਕ ਗਰੋਹ ਮਾਝੇ ਦੇ ਇਲਾਕੇ ਵਿੱਚੋਂ ਦਰਸ਼ਨ ਕਰਨ ਆਇਆ। ਜਿਨ੍ਹਾਂ ਵਿੱਚ ਛੋਟੇ ਬੱਚੇ ਤੇ ਜਨਾਨੀਆਂ ਵੀ ਸਨ। ਇਹਨਾਂ ਨੂੰ ਨਾ ਕੋਈ ਚੀਜ਼ ਖਾਣ ਲਈ ਦੇਣ ਦਿੱਤੀ ਜਾਂਦੀ ਅਤੇ ਨਾ ਹੀ ਅੰਦਰ ਹੀ ਜਾਣ ਦਿੱਤਾ ਜਾਂਦਾ। ਕਈ ਤਾਂ ਹਫ਼ਤੇ ਤੋਂ ਇੱਥੇ ਹੀ ਖੇਤਾਂ ਵਿੱਚ ਪਏ ਦਰਸ਼ਨ ਦੀ ਉਡੀਕ ਵਿੱਚ ਸਮਾਂ ਬਿਤਾ ਰਹੇ ਸਨ। ਕਿਸੇ ਦੀ ਵਾਰੀ ਦਾ ਹੱਕ ਦੂਜਾ ਨਹੀਂ ਸੀ ਖੋਹਣਾ ਚਾਹੁੰਦਾ। ਸਿਪਾਹੀਆਂ ਨੂੰ ਵੱਢੀ ਦੇ ਕੇ ਇਕ ਤੋਂ ਪਹਿਲਾਂ ਵਾਰੀ ਲੈਣ ਨੂੰ ਗੁਨਾਹ ਸਮਝਦਾ ਸੀ। ਭੁੱਖੇ ਬੱਚੇ ਵਿਊ ਵਿਨੂੰ ਕਰਦੇ ਸਨ।

ਇਸ ਗਰੋਹ ਵਿੱਚ ਇਕ ਫ਼ਤਹਿ ਸਿੰਘ ਨਾਮੀ ਵਲਟੋਹਾ, ਜ਼ਿਲ੍ਹਾ ਅੰਮ੍ਰਿਤਸਰ ਦਾ ਬੰਦਾ ਵੀ ਸੀ। ਇਹ ਪਹਿਲਵਾਨ ਬੇ-ਅੰਦਾਜ਼ ਤਾਕਤ ਦਾ ਮਾਲਕ ਸੀ ਜੋ ਕਿੱਕਰ ਸਿੰਘ ਵਰਗਿਆਂ ਦੋਂਹ ਤਿੰਨਾਂ ਦਾ ਜ਼ੋਰ ਕਰਾ ਦਿੰਦਾ ਸੀ। ਕੱਲੂ ਪਹਿਲਵਾਨ ਜਿਹੇ ਇਸ ਦੀ ਇੱਜ਼ਤ ਕਰਦੇ ਹੋਏ ਭਰਾ ਜੀ ਆਖ ਕੇ ਸੱਦਦੇ ਸਨ। ਇਹ ਕੂਕਾ ਹੋ ਗਿਆ ਸੀ। ਹੁਣ ਜਦ ਕੂਕਿਆਂ ਤੇ ਪਾਬੰਦੀਆਂ ਕੁਝ ਨਰਮ ਹੋਈਆਂ ਅਰ ਬਾਬਾ ਬੁੱਧ ਸਿੰਘ ਜੀ ਬਾਹਰ ਦੌਰੇ ਜਾਣ ਲੱਗੇ ਤਦ ਇਹ ਵੀ ਉਨ੍ਹਾਂ ਨੂੰ ਆਪਣੇ ਘਰ ਵਲਟੋਹੇ ਲੈ ਗਿਆ ਸੀ। ਇਸ ਦੇ ਵਿਹੜੇ ਵਿੱਚ ਜਿੱਥੇ ਉਹ ਜਾ ਕੇ ਬੈਠੇ ਸਨ, ਉੱਥੇ ਇਸ ਨੇ ਆਪਣੇ ਘਰ ਗੁਰਦੁਆਰਾ ਬਣਾਇਆ, ਜਿੱਥੇ ਸਫੈਦ ਝੰਡਾ ਲਹਿਰਾਉਂਦਾ । ਮੈਂ ਆਪ ਵੇਖਿਆ ਹੈ। ਜਿੱਡੀ ਇਸ ਦੀ ਤਾਕਤ ਬੇ-ਅੰਦਾਜ਼ ਸੀ, ਓਡਾ ਹੀ ਇਹ ਆਪਣੇ ਗੁਰੂ ਹਰੀ ਸਿੰਘ ਜੀ ਦਾ ਸ਼ਰਧਾਲੂ ਵੀ ਹੱਦੋਂ ਵੱਧ ਸੀ। ਇਸ ਨੂੰ ਗੁਰੂ ਹਰੀ ਸਿੰਘ ਜੀ ਨੇ ਕਿਹਾ ਸੀ ਕਿ ਫਤਹਿ ਸਿੰਘਾ ਆਪਣੀ ਸਿੰਘਣੀ ਪ੍ਰੇਮ ਕੌਰ ਦਾ ਬਚਨ ਕਦੇ ਨਾ ਮੋੜੀਂ ਬੱਸ ! ਜਿਸ ਦੇ ਬਲ ਤੋਂ ਕੱਲੂ ਤੇ ਕਿੱਕਰ ਸਿੰਘ ਜੀ ਜਿਹੇ ਜਗਤ ਪ੍ਰਸਿੱਧ ਪਹਿਲਵਾਨ ਵੀ ਭੈ ਖਾਂਦੇ ਸਨ, ਉਹ ਗੁਰੂ ਦਾ ਬਚਨ ਪੂਰਾ ਕਰਨ ਲਈ ਆਪਣੀ ਪਤਨੀ ਅੱਗੇ ਹੱਥ ਜੋੜੀ ਖਲੋਤਾ ਰਹਿੰਦਾ, ਅਤੇ ਜੋ ਕੁਝ ਉਹ ਆਖਦੀ ਸਤਿ ਬਚਨ ਆਖ ਕੇ ਪੂਰਾ ਕਰਦਾ।

ਇਸ ਜਥੇ ਵਿਚ ਇਹ ਫਤਹਿ ਸਿੰਘ ਵੀ ਦਰਸ਼ਨ ਕਰਨ ਆਇਆ ਹੋਇਆ ਸੀ। ਇਨ੍ਹਾਂ ਦਾ ਰਾਈਆਂ ਦੀ ਚੱਕੀ ਵਿਚ ਬਾਵੇ ਮਨਸਾ ਰਾਮ ਦੇ ਖੂਹ ਤੇ ਡੇਰਾ ਸੀ। ਜਨਾਨੀਆਂ ਤੇ ਬੱਚੇ ਭੁਖੇ ਵੇਖ ਇਸ ਕੁਝ ਰਗੜਿਆ ਜਿਸ ਨੂੰ ਇਹ ਦੇਗ ਆਖਦਾ ਸੀ। ਨਾਲੇ ਰਗੜਦਾ ਸੀ ਤੇ ਨਾਲੇ ਕੁਝ ਪੜ੍ਹੀ ਜਾ ਰਿਹਾ ਸੀ। ਰਗੜ ਕੇ, ਪੂਣ ਛਾਣ ਕੇ, ਇਸ ਅਰਦਾਸ ਕੀਤੀ ਅਤੇ ਸਤਿ ਸ੍ਰੀ ਅਕਾਲ ਦਾ ਜੈਕਾਰਾ ਗਜਾ ਕੇ ਉਹ ਰਗੜੀ ਦੇਗ ਖੂਹ ਵਿਚ ਸੁੱਟ ਦਿੱਤੀ। ਬੱਸ ਸਾਰੇ ਖੂਹ ਦਾ ਪਾਣੀ ਇਕ ਦਮ ਦੁੱਧ ਜਿਹਾ ਸਫ਼ੈਦ ਹੋ ਗਿਆ। ਉਹ ਰੰਗ ਉਚਾ ਸੁਆਦ ਉਹ ਮੈਂ ਆਪ ਪੀ ਕੇ ਡਿੱਠਾ ਸੀ। ਜਿਨ੍ਹਾਂ ਇਹ ਪੀਤਾ ਸੀ ਉਨ੍ਹਾਂ ਨੂੰ ਅੱਠ ਪਹਿਰ ਭੁੱਖ ਨਹੀਂ ਸੀ ਲੱਗੀ।

ਸਾਡੀ ਚੌਕੀ ਦਾ ਸਾਰਜੰਟ ਗੇਂਦਾ ਇਸ ਮਗਰ ਵੀ ਲੱਗਾ ਸੀ, ਪਰ ਇਸ ਸ਼ਾਂਤ ਪੁੰਜ ਤੇ ਗੰਭੀਰਤਾ ਭਰੇ ਮਹਾਨ ਜ਼ੇਰੇ ਵਾਲੇ ਸੰਤ ਨੇ ਉਸ ਵੱਲ ਅੱਖ ਭਰ ਕੇ ਵੀ ਨਹੀਂ ਸੀ ਡਿੱਠਾ। ਜੋ ਉਸ ਕਿਹਾ ਇਹ ਸੁਣ ਕੇ ਸਬਰ ਨਾਲ ਬਰਦਾਸ਼ਤ ਕਰ ਲਿਆ, ਜੇ ਕਿਤੇ ਇਸ ਨੂੰ ਵੀ ਗੁੱਸਾ ਆ ਜਾਂਦਾ, ਤਦ ? ਅਸਲ ਵਿਚ ਭੈਣੀ ਸਾਹਿਬ ਦੀ ਚੌਕੀ ਦਾ ਹਰ ਸਿਪਾਹੀ ਆਪਣੇ ਆਪ ਨੂੰ ਬਹੁਤ ਵੱਡਾ ਅਫ਼ਸਰ ਸਮਝਦਾ ਸੀ। ਪਰ ਗੇਂਦੇ ਸਾਰਜੰਟ ਨੂੰ ਤੇ ਇਥੇ ਆ ਕੇ ਖੰਭ ਲੱਗ ਗਏ ਸਨ। ਜਿਹੜਾ ਵੀ ਕੂਕਾ ਆਪਣੇ ਗੁਰੂ ਦੇ ਤੇ ਗੁਰੂ ਅਸਥਾਨ ਦੇ ਦਰਸ਼ਨ ਕਰਨ ਜਾਂਦਾ ਇਹ ਗੇਂਦਾ ਭੁੱਖੇ ਬਘਿਆੜ ਵਾਂਗ ਟੁੱਟ ਕੇ ਉਸ ਦੇ ਗਲ਼ ਪੈ ਜਾਂਦਾ ਅਤੇ ਜੋ ਕੁਝ ਉਸ ਦੇ ਕੋਲ ਹੁੰਦਾ ਉਹ ਸਭ ਲੁੱਟ ਪੁੱਟ ਕੇ ਟਾਹਰਾਂ ਮਾਰਦਾ ਫਿਰਦਾ। ਇਸ ਲਈ ਕੂਕਿਆਂ ਦੇ ਸਬਰ ਦਾ ਪਿਆਲਾ ਹੁਣ ਲੱਗ ਭਗ ਭਰ ਚੁੱਕਿਆ ਸੀ। ਪਰ ਸ਼ਾਂਤ ਪੁੰਜ ਗੁਰੂ ਹਰੀ ਸਿੰਘ ਜੀ ਦੇ ਹੁਕਮ ਨਾਲ, ਇਹ ਅੰਦਰੇ ਅੰਦਰ ਸਭ ਕੁਝ ਜਰੀ ਜਾ ਰਹੇ ਸਨ।

**ਚੱਲਦਾ...............**

# ਸੁੱਚੇ ਮੋਤੀ

- ਬਹੁਤ ਸਾਰੇ ਲੋਕ ਇਹ ਸਮਝਦੇ ਹਨ ਕਿ ਉਹ ਸੋਚ ਵਿਚਾਰ ਕਰ ਰਹੇ ਹਨ ਪਰ ਅਸਲ ਵਿਚ ਉਹ ਤਾਂ ਸਿਰਫ ਆਪਣੇ ਪੱਖਪਾਤਾਂ ਤੇ ਮਨੋਵਿਰੋਧਾਂ ਨੂੰ ਮੁੜ ਤਰਤੀਬ ਦੇ ਰਹੇ ਹੁੰਦੇ ਹਨ।

**–ਵਿਲੀਅਮ ਜੇਮਸ**

- ਸੰਸਾਰ ਵਿਚ ਆਦਮੀ ਦੇ ਗੁਜ਼ਾਰੇ ਦੇ ਲਈ ਬਹੁਤ ਕੁਝ ਹੈ ਪਰ ਉਸ ਦੇ ਲਾਲਚ ਦਾ ਢਿੱਡ ਕੋਈ ਨਹੀਂ ਭਰ ਸਕਦਾ।

**–ਮਹਾਤਮਾ ਗਾਂਧੀ**

- ਇਕ ਵਧੀਆ ਮਿੱਤਰ ਜਿੰਦਗੀ ਲਈ ਵਧੀਆ ਔਸ਼ਧੀ (ਦਵਾਈ) ਹੈ।

**–ਬਾਈਬਲ**

- ਇਕ ਭੁੱਲ ਉਸ ਸਮੇਂ ਤੱਕ ਗਲਤੀ ਨਹੀਂ ਬਣਦੀ ਜਦੋਂ ਤੱਕ ਤੁਸੀਂ ਉਸਨੂੰ ਦਰੁਸਤ ਕਰਨ ਤੋਂ ਇਨਕਾਰ ਨਹੀਂ ਕਰਦੇ।

**–ਔਰਲੈਂਡੋ ਬੈਟਿਸਟਾ**

- ਇਕ ਵਿਅਕਤੀ ਕਦੇ ਵੀ ਆਪਣੇ ਚਰਿੱਤਰ ਨੂੰ ਐਨੀ ਸਪਸ਼ਟਤਾ ਨਾਲ ਪ੍ਰਗਟ ਨਹੀਂ ਕਰਦਾ ਜਿਵੇਂ ਕਿ ਉਹ ਦੂਜੇ ਦੇ ਚਰਿੱਤਰ ਨੂੰ ਬਿਆਨ ਕਰ ਰਿਹਾ ਹੁੰਦਾ ਹੈ।

**–ਜੀਨ ਪਾਲ ਰਿਚਟਰ**

- ਬੁਢਾਪਾ ਚਿਹਰੇ ਨਾਲੋਂ ਮਨ ਵਿਚ ਵਧੇਰੇ ਝੁਰਰੀਆਂ ਪੈਦਾ ਕਰ ਦਿੰਦਾ ਹੈ।

**–ਮੌਂਟੇਂਗ**

- ਅਨੇਕਾਂ ਸਚਾਈਆਂ ਅਜਿਹੀਆਂ ਹੁੰਦੀਆਂ ਹਨ ਜਿੰਨ੍ਹਾਂ ਦੇ ਅਰਥ ਉਸ ਸਮੇਂ ਤੱਕ ਅਨੁਭਵ ਨਹੀਂ ਕੀਤੇ ਜਾ ਸਕਦੇ ਜਦੋਂ ਤੱਕ ਕਿ ਉਹ ਸਵੈ ਤਜਰਬੇ ਰਾਹੀਂ ਸਾਹਮਣੇ ਨਾ ਆਉਣ।

**–ਜੌਨ ਸਟੂਅਰਟ ਮਿਲ**

- ਬੁੱਧੀਮਾਨਾਂ ਦੀਆਂ ਰਚਨਾਵਾਂ, ਸੰਸਾਰ ਦੀਆਂ ਬਿਹਤਰੀਨ ਚੀਜ਼ਾਂ ਹੁੰਦੀਆਂ ਹਨ।

**–ਜੌਨ ਕੀਟਸ**

# ਬੱਚਿਆਂ ਦਾ ਪੰਨਾ

## ਭਾਈ ਮੰਝ

ਭਾਈ ਮੰਝ ਪਿੰਡ ਕੰਗਮਈ ਜ਼ਿਲ੍ਹਾ ਹੁਸ਼ਿਆਰਪੁਰ ਦਾ ਰਹਿਣ ਵਾਲਾ ਇਕ ਅਮੀਰ ਜ਼ਿਮੀਂਦਾਰ ਸੀ। ਉਹ ਸਖੀ ਸਰਵਰ ਦਾ ਸੇਵਕ ਸੀ ਅਤੇ ਸਖੀ ਸਰਵਰੀ ਦੇ ਪ੍ਰਚਾਰ ਨੂੰ ਵਧਾਉਣ ਵਾਸਤੇ ਉਸ ਕਈ ਪੀਰ ਖਾਨੇ ਬਣਾਏ ਹੋਏ ਸਨ। ਇਕ ਵਾਰ ਭਾਈ ਮੰਝ ਆਪਣੇ ਸਾਥੀਆਂ ਦਾ ਇਕ ਜੱਥਾ ਲੈ ਕੇ ਨਿਗਾਹੇ ਪੀਰ ਦੀ ਯਾਤਰਾ 'ਤੇ ਗਿਆ। ਜਦ ਉਹ ਵਾਪਿਸ ਆ ਰਿਹਾ ਸੀ ਤਾਂ ਉਸ ਦਾ ਕਿਸੇ ਸਿੱਖ ਨਾਲ ਮੇਲ ਹੋਇਆ ਅਤੇ ਉਸ ਨੂੰ ਗੁਰੂ ਨਾਨਕ ਦੇਵ ਜੀ ਦੀ ਬਾਣੀ ਸੁਣਨ ਦਾ ਅਵਸਰ ਪ੍ਰਾਪਤ ਹੋਇਆ। ਗੁਰਬਾਣੀ ਤੋਂ ਉਹ ਬਹੁਤ ਪ੍ਰਭਾਵਤ ਹੋਇਆ ਅਤੇ ਉਸ ਆਪਣੀ ਖ਼ਾਹਿਸ਼ ਜ਼ਾਹਰ ਕੀਤੀ ਕਿ ਉਹ ਗੁਰੂ ਨਾਨਕ ਦੇਵ ਜੀ ਦੀ ਗੱਦੀ 'ਤੇ ਬਿਰਾਜਮਾਨ ਗੁਰੂ ਦੇ ਦਰਸ਼ਨ ਕਰਨਾ ਚਾਹੁੰਦਾ ਹੈ। ਉਸ ਨੂੰ ਦੱਸਿਆ ਗਿਆ ਕਿ ਅੰਮ੍ਰਿਤਸਰ ਵਿਖੇ ਗੁਰੂ ਅਰਜਨ ਦੇਵ ਜੀ ਪੰਜਵੇਂ ਨਾਨਕ ਦੇ ਰੂਪ ਵਿਚ ਆਤਮਕ ਗਿਆਨ ਪ੍ਰਦਾਨ ਕਰ ਰਹੇ ਹਨ।

ਅੰਮ੍ਰਿਤਸਰ ਆ ਕੇ ਉਸ ਵੇਖਿਆ ਕਿ ਗੁਰੂ ਦੇ ਸਿੱਖ ਬੜੀ ਨਿਮਰਤਾ, ਸ਼ਰਧਾ ਅਤੇ ਪਿਆਰ ਨਾਲ ਸੇਵਾ ਵਿਚ ਲੱਗੇ ਹੋਏ ਸਨ। ਉਸਾਰੀ ਦੇ ਕੰਮ ਵੀ ਚੱਲ ਰਹੇ ਸਨ। ਸਰੋਵਰ ਨੂੰ ਵੇਖ ਕੇ ਉਹ ਬਹੁਤ ਖ਼ੁਸ਼ ਹੋਇਆ ਅਤੇ ਜਦ ਉਸ ਅੰਮ੍ਰਿਤ ਦੇ ਸਰੋਵਰ ਦੀ ਮਹਿਮਾ ਸੁਣੀ ਤਾਂ ਉਸ ਨੇ ਬੜੀ ਸ਼ਰਧਾ ਨਾਲ ਇਸ਼ਨਾਨ ਕੀਤਾ। ਫਿਰ ਉਹ ਗੁਰੂ ਦਰਬਾਰ ਪੂਜਾ ਅਤੇ ਇਲਾਹੀ ਕੀਰਤਨ ਸੁਣਿਆ ਕੀਰਤਨ ਸੁਣ ਕੇ ਉਸ ਨੂੰ ਬਹੁਤ ਅਨੰਦ ਆਇਆ ਅਤੇ ਉਸ ਨੇ ਮਨ ਬਣਾ ਲਿਆ ਕਿ ਸਿੱਖ ਬਣ ਜਾਣਾ ਚਾਹੀਦਾ ਹੈ। ਗੁਰੂ ਜੀ ਦੇ ਦਰਸ਼ਨ ਕਰਕੇ ਉਹ ਨਿਹਾਲ ਹੋ ਗਿਆ ਅਤੇ ਬੇਨਤੀ ਕੀਤੀ, "ਮਹਾਰਾਜ! ਮੈਂ ਆਪ ਜੀ ਦਾ ਸਿੱਖ ਬਣਨਾ ਚਾਹੁੰਦਾ ਹਾਂ ਮੇਰੇ 'ਤੇ ਕਿਰਪਾ ਕਰੋ । ਗੁਰੂ ਜੀ ਨੇ ਫ਼ਰਮਾਇਆ, "ਤੂੰ ਸਖੀ ਸਰਵਰ ਦਾ ਸੇਵਕ ਏਂ ਪਰ ਸਿੱਖ ਹੋਣਾ ਆਸਾਨ ਨਹੀਂ। ਸਿੱਖੀ ਵਾਲ ਨਾਲੋਂ ਵੀ ਬਾਰੀਕ ਅਤੇ ਖੰਡੇ ਦੀ ਧਾਰ ਨਾਲੋਂ ਵੀ ਤਿੱਖੀ ਹੈ। ਸਖੀ ਸਰਵਰੀ ਦਾ ਪੰਧ ਸੌਖਾ ਹੈ। ਸਿੱਖ ਬਣਨ ਲਈ ਕਰੋਧ, ਲੋਭ, ਮੋਹ, ਅਹੰਕਾਰ ਅਤੇ ਤਕੱਬਰ ਛੱਡਣਾ ਪੈਂਦਾ ਹੈ। ਭਾਈ ਮੰਝ ਫਿਰ ਸਨਿਮਰ ਬੇਨਤੀ ਕੀਤੀ, 'ਮਹਾਰਾਜ ਮੈਂ ਸਭ ਕੁਝ ਛਡਣ ਨੂੰ ਤਿਆਰ ਹਾਂ।'' ਪਰ ਗੁਰੂ ਜੀ ਫ਼ਰਮਾਇਆ, "ਤੂੰ ਸਭ ਕੁਝ ਕਰ ਸਕਦਾ ਹੈਂ ਪਰ ਸਿੱਖੀ ਤੇ ਸਿੱਖੀ ਨਹੀਂ ਟਿਕ ਸਕਦੀ। ਆਖ਼ਰੀ ਸ਼ਬਦ ਭਾਈ ਮੰਝ ਨੂੰ ਵਿੰਨ੍ਹ ਕੇ ਲੈ ਗਏ। ਉਸ ਨੂੰ ਅਸਲ ਗੱਲ ਦੀ ਸੋਝੀ ਆ ਗਈ। ਉਹ ਆਪਣੇ ਪਿੰਡ ਪਰਤ ਗਿਆ। ਉਸ ਆਪਣੇ ਘਰ ਵਿਚ ਬਣਿਆ ਪੀਰਖਾਨਾ ਢਾਹ ਦਿੱਤਾ। ਸਾਰਾ ਪਿੰਡ ਉਸਦੇ ਖ਼ਿਲਾਫ਼ ਹੋ ਗਿਆ। ਚੌਧਰਪੁਣਾ ਉਸ ਤੋਂ ਖੋਹ ਲਿਆ ਗਿਆ।

ਅੰਤ ਉਹ ਅੰਮ੍ਰਿਤਸਰ ਆ ਗਿਆ। ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਕੀਤੇ, ਮੱਥਾ ਟੇਕਿਆ, ਪਰ ਮੂੰਹੋਂ ਕੁਝ ਨਾ ਬੋਲਿਆ। ਬਾਕੀ ਸਿੱਖਾਂ ਵਾਂਗ ਉਹ ਵੀ ਸੇਵਾ ਵਿਚ ਜੁੱਟ ਗਿਆ। ਉਹ ਜੰਗਲ ਵਿਚ ਜਾਂਦਾ ਅਤੇ ਲਕੜੀਆਂ ਕੱਟ ਕੇ ਲਿਆਉਂਦਾ। ਸਾਰਾ ਦਿਨ ਕਿਸੇ ਨਾ ਕਿਸੇ ਪ੍ਰਕਾਰ ਦੀ ਸੇਵਾ ਵਿਚ ਲੱਗਾ ਰਹਿੰਦਾ। ਇਕ ਵਾਰ ਜਦ ਉਹ ਲੱਕੜਾਂ ਦੀ ਪੰਡ ਚੁੱਕ ਕੇ ਅੰਮ੍ਰਿਤਸਰ ਨੂੰ ਆ ਰਿਹਾ ਸੀ ਤਾਂ ਬੜੇ ਜ਼ੋਰ ਦੀ ਹਨੇਰੀ ਆਈ ਅਤੇ ਚਾਰ ਚੁਫੇਰੇ ਹਨੇਰਾ ਛਾ ਗਿਆ। ਉਸ ਹਨੇਰੇ ਵਿਚ ਉਹ ਇਕ ਖੂਹ ਵਿਚ ਡਿੱਗ ਪਿਆ। ਪਰ ਉਸ ਲੱਕੜਾਂ ਨੂੰ ਭਿੱਜਣ ਨਾ ਦਿੱਤਾ ਆਪਣੇ ਸਿਰ ਉਤੇ ਹੀ ਟਿਕਾਈ ਰਖੀਆਂ ਅਤੇ ਆਪ ਪਾਠ ਕਰਨ ਲੱਗ ਗਿਆ। ਜਦ ਉਹ ਰਾਤ ਡੇਰੇ ਨਾ ਪੁੱਜਾ ਤਾਂ ਦੂਜੇ ਸਿੱਖਾਂ ਨੂੰ ਫ਼ਿਕਰ ਪੈ ਗਿਆ ਅਤੇ ਉਸ ਨੂੰ ਲੱਭਣ ਨਿਕਲ ਤੁਰੇ। ਇਕ ਖੂਹ ਵਿਚੋਂ ਉਨ੍ਹਾਂ ਨੂੰ ਗੁਰਬਾਣੀ ਪੜ੍ਹਨ ਦੀ ਆਵਾਜ਼ ਆਈ। ਜਦ ਉਨ੍ਹਾਂ ਵੇਖਿਆ ਤਾਂ ਭਾਈ ਮੰਝ ਲੱਕੜਾਂ ਦੀ ਪੰਡ ਸਿਰ 'ਤੇ ਟਿਕਾਈ ਖੂਹ ਵਿਚ ਖਲੋਤਾ ਪਾਠ ਕਰ ਰਿਹਾ ਸੀ। ਉਹ ਓਸੇ ਵੇਲੇ ਗੁਰੂ ਦੇ ਡੇਰੇ ਵੱਲ ਭੱਜੇ ਅਤੇ ਰੱਸੇ ਲੈ ਕੇ ਆ ਗਏ। ਰੱਸਾ ਲਮਕਾ ਕੇ ਉਨ੍ਹਾਂ ਭਾਈ ਮੰਝ ਨੂੰ ਕਿਹਾ, 'ਕਿ ਰੱਸਾ ਫੜ ਕੇ ਬਾਹਰ ਆ ਜਾਓ। ਪਰ ਭਾਈ ਮੰਝ ਨੇ ਕਿਹਾ, 'ਪਹਿਲਾਂ ਇਹ ਸੁਕੀਆਂ ਲੱਕੜਾਂ ਬਾਹਰ ਕਢੋ, ਫਿਰ ਮੈਂ ਵੀ ਨਿਕਲ ਆਵਾਂਗਾ।''ਜਦ ਗੁਰੂ ਜੀ ਨੂੰ ਇਸ ਘਟਨਾ ਦਾ ਪਤਾ ਲੱਗਾ ਤਾਂ ਉਹ ਵੀ ਖੂਹ 'ਤੇ ਪਹੁੰਚ ਗਏ। ਗੁਰੂ ਜੀ ਨੂੰ ਖੂਹ ਤੇ ਵੇਖ ਕੇ ਭਾਈ ਮੰਝ ਗੁਰੂ ਦੇ ਚਰਨਾਂ ਵਿਚ ਢਹਿ ਪਿਆ। ਗੁਰੂ ਜੀ ਨੇ ਕਿਹਾ, 'ਭਾਈ ਮੰਝ ਤੇਰੀ ਕਮਾਈ ਹੁਣ ਸਫਲ ਹੋਈ ਹੈ, ਕੁਝ ਮੰਗੋ । ਭਾਈ ਮੰਝ ਨੇ ਕਿਹਾ, 'ਗੁਰੂ ਜੀ! ਮੈਨੂੰ ਬਖ਼ਸ਼ੋ ਕਿ ਮੈਂ ਨਾਮ ਦਾ ਸਿਮਰਨ ਕਦੇ ਨਾ ਭੁੱਲਾਂ ਅਤੇ ਸਿਦਕ ਦਾਨ ਨਾਲ ਮੇਰੀ ਝੋਲੀ ਭਰ ਦਿਓ।' ਗੁਰੂ ਜੀ ਭਾਈ ਮੰਝ ਦੀ ਇਹ ਗੱਲ ਸੁਣ ਕੇ ਬਹੁਤ ਪ੍ਰਸੰਨ ਹੋਏ ਅਤੇ ਫ਼ਰਮਾਇਆ

ਮੰਝ ਪਿਆਰਾ ਗੁਰੂ ਕੋ, ਗੁਰ ਮੰਝ ਪਿਆਰਾ। ਮੰਝ ਗੁਰੂ ਕਾ ਬੋਹਿਥਾ, ਜਗ ਲੰਘਣ ਹਾਰਾ।

ਭਾਈ ਮੰਝ ਦੀ ਘਾਲਣਾ ਨੂੰ ਮੁੱਖ ਰੱਖ ਕੇ ਗੁਰੂ ਜੀ ਨੇ ਉਨ੍ਹਾਂ ਨੂੰ ਆਪਣੇ ਪਿੰਡ ਪ੍ਰਚਾਰਕ ਬਣਾ ਕੇ ਭੇਜ ਦਿੱਤਾ।

–ਡਾ: ਅਜੀਤ ਸਿੰਘ ਔਲਖ

# ਖ਼ਬਰਨਾਮਾ

## 28 ਜੁਲਾਈ 2018 ਲਾਸ ਐਂਜਲਸ ਸ਼ਾਮ ਦਾ ਪ੍ਰੋਗਰਾਮ

ਅੱਜ ਗਰੀਬ ਨਿਵਾਜ਼ ਨੇ ਮਨਜੀਤ ਸਿੰਘ ਸਪੁੱਤਰ ਸੰਤ ਗੁਰਦੇਵ ਸਿੰਘ ਦੇ ਨਵੇਂ ਗ੍ਰਿਹ ਵਿਖੇ ਚਰਨ ਪਾਉਣ ਦੀ ਕਿਰਪਾ ਕੀਤੀ।

ਸ਼ਾਮ ਦਾ ਦੀਵਾਨ:- ਸ਼ਾਮ ਨੂੰ 5 ਤੋਂ 6 ਵਜੇ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਨਾਮ ਸਿਮਰਨ ਹੋਇਆ, ਏਸੇ ਦੌਰਾਨ ਸੰਤ ਨਿਸ਼ਾਨ ਸਿੰਘ ਜੀ ਨੇ ਬਹੁਤ ਵਿਧਵਤਾ ਭਰਪੂਰ ਕਥਾ ਕੀਤੀ। ਗੁਰਬਾਣੀ ਅਨੁਸਾਰ ਸਤਿਗੁਰੂ ਦਰਸ਼ਨ ਦੇ ਮਹਾਤਮ ਬਾਰੇ ਅਤੇ ਗੁਰੂ ਤੇਗ ਬਹਾਦੁਰ ਜੀ ਦੇ ਸਮੇਂ, ਦਰਸ਼ਨ ਪ੍ਰੇਮੀ ਸਿੱਖਾਂ ਦੀਆਂ ਸਾਖੀਆਂ ਸੁਣਾਈਆਂ।

ਉਪਰੰਤ ਕੀਰਤਨ ਅੱਜ ਬੱਚਿਆਂ ਨੇ ਹੀ ਕੀਤਾ,ਛੋਟੇ-ਛੋਟੇ ਬੱਚੇ ਮਸਾਂ ਹੀ ਪੰਜ-ਛੇ ਸਾਲ ਦੇ ਕਾਕਾ ਦਇਆ ਸਿੰਘ, ਦਾਨ ਸਿੰਘ, ਸਪੁੱਤਰ ਦਿਆਲ ਸਿੰਘ ਨੇ ਬਹੁਤ ਸੁਰੀਲਾ ਅਤੇ ਬੜੇ ਕੰਨਫੀਡੈਂਸ ਨਾਲ ਸ਼ਬਦ ਗਾਇਨ ਕੀਤਾ__

ਕਬੀਰ ਪਾਲਿ ਸਮੁਹਾ ਸਰਵਰੁ ਭਰਾ ਪੀ ਨ ਸਕੈ ਕੋਈ ਨੀਰ॥ ਭਾਗ ਬਡੇ ਤੈ ਪਾਇਓ ਤੂੰ ਭਰਿ ਭਰਿ ਪੀਉ ਕਬੀਰ॥

ਹਰਮੋਨੀਅਮ ਤੇ ਬੀਬੀ ਸ਼ਰਨਪ੍ਰੀਤ ਕੌਰ ਸਪੁੱਤਰੀ ਅੰਮ੍ਰਿਤਪਾਲ ਸਿੰਘ ਕੱਲਾ ਅਤੇ ਤਬਲੇ ਤੇ ਗੁਰਦਿੱਤ ਸਿੰਘ (ਬਰਮਿੰਘਮ) ਨੇ ਸੰਗਤ ਕੀਤੀ ।ਉਪਰੰਤ ਇਕ ਸ਼ਬਦ—

ਤੁਮ ਹੋ ਸਭ ਰਾਜਨ ਕੇ ਰਾਜਾ॥ ਆਪੇ ਆਪ ਗ੍ਰੀਬ ਨਿਵਾਜ਼ਾ॥

ਨਿਊਯਾਰਕ ਤੋਂ ਆਏ ਬੱਚਿਆਂ: ਸੰਤਾ ਸਿੰਘ, ਸਰਵਣ ਸਿੰਘ, ਸਤਨਾਮ ਸਿੰਘ, ਰਤਨ ਸਿੰਘ ਅਤੇ ਹਰਨਾਮ ਸਿੰਘ ਤਬਲੇ ਤੇ ਸਾਥ ਦਿੱਤਾ ਯੂ. ਕੇ. ਤੋਂ ਆਏ ਗੁਰਦਿੱਤ ਸਿੰਘ ਜੀ ਨੇ।

ਅੱਜ ਦੇ ਦੀਵਾਨ ਵਿਚ ਇੰਡੋ ਅਮੈਰੀਕਨ ਕਲਚਰਲ ਆਰਗੇਨਾਈਜ਼ੇਸ਼ਨ ਵਲੋਂ ਸ. ਗਿਆਨ ਸਿੰਘ ਜੀ ਅਤੇ ਸ. ਕਸ਼ਮੀਰ ਸਿੰਘ ਉਚੇਚੇ ਹਾਜ਼ਰ ਹੋਏ। ਹਰਪਾਲ ਸਿੰਘ ਸੇਵਕ ਨੇ ਮੰਚ ਤੋਂ ਆਏ ਪਤਵੰਤਿਆਂ ਨੂੰ ਜੀਉ ਆਇਆਂ ਆਖਦਿਆਂ ਸੰਗਤਾਂ ਨੂੰ ਦੱਸਿਆ ਕਿ ਸ. ਗਿਆਨ ਸਿੰਘ ਜੀ ਪੰਜਾਬ ਦੇ ਉਸ ਬਿਲਗੇ ਪਿੰਡ ਤੋਂ ਹਨ ਜਿੱਥੇ ਬਾਬਾ ਜੱਸਾ ਸਿੰਘ ਜੀ ਨੇ ਛੋਟੀ ਅਵਸਥਾ ਵਿਚ ਸਤਿਗੁਰੂ ਰਾਮ ਸਿੰਘ ਜੀ ਨੂੰ ਪੜ੍ਹਨ ਸਾਧੂਆਂ ਦੇ ਡੇਰੇ ਭੇਜਿਆ ਸੀ। ਇਹ ਵੀ ਬੜੀ ਅਪੱਣਤ ਮਹਿਸੂਸ ਕਰਦੇ ਹਨ ਨਾਮਧਾਰੀ ਸਮਾਜ ਨਾਲ ਕਿ ਸਾਡੀਆਂ ਸਾਂਝਾਂ ਮੁੱਢ ਕਦੀਮੀਂ ਹਨ। ਅੱਜ ਦਾ ਸਮਾਗਮ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿਚ ਹੋ ਰਿਹਾ ਹੈ। ਸੇਵਕ ਨੇ ਵਿਸ਼ੇਸ਼ ਕਰਕੇ ਆਏ ਪਤਵੰਤਿਆਂ ਨੂੰ ਸੰਬੋਧਨ ਹੁੰਦਿਆਂ ਦੱਸਿਆ ਕਿ ਬੇਸ਼ੱਕ ਨਾਮਧਾਰੀ ਲਹਿਰ ਮੁੱਖ ਰੂਪ ਵਿਚ ਆਜ਼ਾਦੀ ਦੀ ਪਹਿਲੀ ਜੱਥੇ-ਬੰਦੀ ਵਲੋਂ ਜਾਣੀ ਜਾਂਦੀ ਹੈ, ਉਹ ਤਦ-ਵਕਤੀ ਲੋੜ ਸੀ, ਬਰਤਾਨਵੀ ਸਾਮਰਾਜ ਤੋਂ ਭਾਰਤ ਵਰਸ਼ ਨੂੰ ਆਜ਼ਾਦ ਕਰਵਾਉਣਾ ਜੋ ਜਿੰਮੇਵਾਰੀ ਨਾਮਧਾਰੀ ਸਿੱਖਾਂ ਨੇ ਤਨ-ਦੇਹੀ ਨਾਲ ਨਿਭਾਈ। ਪਰ ਸਤਿਗੁਰੂ ਰਾਮ ਸਿੰਘ ਜੀ ਦਾ ਉਸ ਤੋਂ ਵੀ ਵੱਡਾ ਕਾਰਜ ਸਿੱਖੀ-ਸਰੂਪ ਅਤੇ ਖਾਲਸਈ ਰਹਿਤ ਮਰਿਯਾਦਾ ਦੀ ਪੁਨਰ-ਸਥਾਪਤੀ ਹੈ। ਸਤਿਗੁਰੂ ਰਾਮ ਸਿੰਘ ਜੀ ਨੇ ਮੁੜ ਉਹੀ ਸਿੱਖੀ ਕਿਰਦਾਰ ਕਾਇਮ ਕੀਤਾ ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਨਾ ਕਰਕੇ ਕਾਇਮ ਕੀਤਾ ਸੀ--

ਬਾਣੀ ਦੇ ਤੇਜ਼ ਵਿਚੋਂ, ਖੰਡੇ ਦੀ ਧਾਰ ਵਿਚੋਂ। ਸੱਜੂਗਾ ਸਿੰਘ ਜਿਹੜਾ, ਦਿੱਸੂ ਹਜ਼ਾਰ ਵਿਚੋਂ॥

ਹਜ਼ਾਰਾਂ ਵਿਚੋਂ ਦਿੱਸਣ ਵਾਲਾ, ਸਿੱਖੀ ਦੀ ਨਿਆਰੀ ਪਹਿਚਾਨ, ਸਾਬਤ ਸੂਰਤ ਸਿਖੀ ਸਰੂਪ ਕਾਇਮ ਕੀਤਾ। ਅੱਜ ਵੀ ਜੇ ਅਸੀਂ ਸਿੱਖੀ ਸਰੂਪ ਵਿਚ ਕਾਇਮ ਹਾਂ, ਜੋ ਵਿਦੇਸ਼ਾਂ ਵਿਚ ਰਹਿ ਕੇ ਵੀ ਨਾਮਧਾਰੀ ਸਿੱਖ ਬਾਣੀ ਅਤੇ ਬਾਣੇ ਨਾਲ ਜੁੜੇ ਹੋਏ ਹਨ, ਛੋਟੇ-ਛੋਟੇ ਬੱਚੇ ਪੰਜਾਬੀ ਪੜ੍ਹਦੇ ਹਨ, ਕੀਰਤਨ ਕਰਦੇ ਅਤੇ ਰਹਿਤ-ਮਰਿਆਦਾ ਵਿਚ ਕਾਇਮ ਹਨ, ਹਰ ਤਰ੍ਹਾ ਦੇ ਨਸ਼ਿਆਂ ਤੋਂ, ਮਾਸ,ਸ਼ਰਾਬ, ਕਬਾਬ ਆਦਿ ਤੋਂ ਬਚੇ ਹੋਏ ਹਨ ਅਤੇ ਭਰੂਣ ਹਤਿਆ ਦੇ ਕਲੰਕ ਤੋਂ ਨਾਮਧਾਰੀ ਸਮਾਜ ਮੁਕਤ ਹੈ ਤਾਂ ਕੇਵਲ ਸਮਰੱਥ ਸਤਿਗੁਰੂ ਦੀ ਨਿਰੰਤਰ ਰਹਿਨੁਮਾਈ ਸਦਕਾ ਹੈ। ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ-ਗਵਨ ਉਪਰੰਤ ਅਤਿ ਸਖਤਿਆਂ ਦੇ ਦੌਰ ਵਿੱਚ ਸਤਿਗੁਰੂ ਹਰੀ ਸਿੰਘ ਜੀ ਨੇ ਸਿੱਖੀ ਨੂੰ ਹਰੀ ਰੱਖਿਆ ਅਤੇ ਆਜ਼ਾਦੀ ਦੀ ਜੋਤ ਨੂੰ ਜਗਦੀ ਰੱਖਿਆ। ਸਤਿਗੁਰੂ ਪਰਤਾਪ ਸਿੰਘ ਜੀ ਨੇ ਦੇਸ਼ ਭਰ ਵਿਚ ਅਤੇ ਵਿਦੇਸ਼ਾਂ ਵਿਚ ਵੀ ਨਾਮ-ਬਾਣੀ ਅਤੇ ਸੁੱਚ-ਸੋਧ ਦਾ ਪ੍ਰਚਾਰ ਕੀਤਾ । ਪਰ ਅੱਜ ਦੀ ਪੀੜੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਅੱਧੀ ਸਦੀ ਤੋਂ ਵੱਧ ਸਮੇਂ ਦੀ ਘਾਲਣਾ ਦਾ ਸਦਕਾ ਹੀ ਸਿੱਖੀ ਵਿਚ ਕਾਇਮ ਹੈ। ਇਕ ਹੀ ਮਿਸਾਲ ਦੇ ਕੇ ਮੈਂ ਸ੍ਰ. ਗਿਆਨ ਸਿੰਘ ਜੀ ਨੂੰ ਪੇਸ਼ ਕਰਾਂਗਾ। ਪੰਜਾਬੀ ਸਾਹਿਤ ਦੀ ਪ੍ਰਸਿਧ ਹਸਤਾਖਰ ਡਾ. ਦਲੀਪ ਕੌਰ ਟਿਵਾਣਾ, ਸਤਿਗੁਰੂ ਜਗਜੀਤ ਸਿੰਘ ਜੀ ਬਾਰੇ ਲਿਖਦਿਆਂ ਬਹੁਤ ਅਰਥ ਭਰਪੂਰ ਵਿਚਾਰ ਪੇਸ਼ ਕਰਦੇ ਹਨ "ਇਕ ਕਥਾ ਪੜ੍ਹਦਿਆਂ, ਰਾਜ-ਭਾਗ ਤਿਆਗ ਕੇ, ਜੰਗਲਾਂ ਵਿਚ ਭਟਕਦੇ, ਜਿੰਦਗੀ ਅਤੇ ਮੌਤ ਦੇ ਅਰਥ ਤਲਾਸ਼ਦੇ ਮਹਾਤਮਾ ਬੁੱਧ ਦੀ ਜਦੋਂ ਮੈਂ ਸ਼ਕਲ ਕਿਆਸਦੀ ਹਾਂ ਤਾਂ ਪ੍ਰਾਪਤ ਕਿਸੇ ਵੀ ਮੂਰਤ ਜਾਂ ਮੂਰਤੀ ਵਿਚੋਂ ਮੈਨੂੰ ਮਹਾਤਮਾ ਬੁੱਧ ਨਹੀਂ ਦਿਸਦੇ। ਪਰ ਸਤਿਗੁਰੂ ਜਗਜੀਤ ਸਿੰਘ ਜੀ ਦੀ ਤਸਵੀਰ ਨੂੰ ਤੱਕਦਿਆਂ, ਮੈਨੂੰ ਲੱਗਿਆ ਮਹਾਤਮਾ ਬੁੱਧ ਹੂਬਹੂ ਇਹੋ ਜਿਹੇ ਹੀ ਹੋਣਗੇ। ਉਹੀ ਨੂਰਾਨੀ ਚਿਹਰਾ, ਉਹੀ ਨਿੱਕੀਆਂ-ਨਿੱਕੀਆਂ ਗੱਲਾਂ ਰਾਹੀਂ ਵੱਡੇ ਅਰਥ ਸਮਝਾਉਣ ਵਾਲਾ ਬੁੱਧ ਇਹੋ ਜਿਹਾ ਹੀ ਤਾਂ ਹੋਵਗਾ। ਸਤਿਗੁਰੂ ਜਗਜੀਤ ਸਿੰਘ ਜੀ ਨੂੰ ਵੇਖ ਕੇ ਮੈਨੂੰ ਲੱਗਿਆ ਕਿ ਮਹਾਂਬਲੀ ਪੀਰ ਫਕੀਰ, ਸੰਤ, ਗੁਰੂ, ਰਿਸ਼ੀ-ਮੁਨੀ ਇਹੋ ਜਿਹੇ ਹੀ ਤਾਂ ਹੁੰਦੇ ਹੋਣਗੇ"। ਸਤਿਗੁਰੂ ਜਗਜੀਤ ਸਿੰਘ ਜੀ ਦਾ ਕਿਸੇ ਨੂੰ ਸਮਝਾਉਣ ਦਾ, ਉਸਨੂੰ ਸੁਧਾਰਨ ਦਾ ਢੰਗ ਕਿੰਨਾ ਸਰਲ

ਅਤੇ ਅਪਣੱਪ ਭਰਿਆ ਹੁੰਦਾ ਸੀ ਕਿ ਇੱਕ ਵੇਰ ਸਤਿਗੁਰੂ ਜੀ ਜਹਾਜ ਵਿੱਚ ਸਫ਼ਰ ਕਰ ਰਹੇ ਸਨ, ਨਾਲ ਦੀ ਸੀਟ ਤੇ ਇੱਕ ਕਲੀਨ ਸ਼ੇਵ ਪੰਜਾਬੀ ਨੌਜੁਆਨ ਬੈਠਾ ਸੀ। ਉਹ ਸਿਗਰਟ ਪੀਣ ਲੱਗਾ ਤਾਂ ਸਤਿਗੁਰੂ ਜੀ ਨੇ ਰੁਮਾਲ ਨਾਲ ਨੱਕ ਢੱਕ ਲਿਆ।

"ਤੁਹਾਨੂੰ ਬੁਰਾ ਲੱਗਦਾ ਹੈ ਤਾਂ ਮੈ ਸਿਗਰਟ ਬੰਦ ਕਰ ਦਿੰਦਾ ਹਾਂ।" ਨੌਜੁਆਨ ਨੇ ਸ਼ਿਸ਼ਟਾਚਾਰ ਵਜੋਂ ਕਿਹਾ।

"ਮੈਂ ਆਪਣਾ ਪ੍ਰਬੰਧ ਕਰ ਲਿਆ ਹੈ, ਤੇਰੀ ਮਜਬੂਰੀ ਹੈ ਤਾਂ ਤੂੰ ਆਪਣਾ ਕੰਮ ਕਰ ਲੈ।" ਸਤਿਗੁਰੂ ਜੀ ਨਿਸ਼ਚਿੰਤ ਕੀਤਾ।

ਉਹ ਨੌਜੁਆਨ ਸਿਗਰਟ ਬੁਝਾ ਕੇ ਆਖਣ ਲੱਗਾ, "ਮੈ ਵੀ ਸਿੱਖ ਪਰਵਾਰ ਵਿੱਚੋਂ ਹਾਂ, ਮਾੜੀ ਆਦਤ ਪੈ ਗਈ ਹੈ, ਸ਼ਰਮਸ਼ਾਰ ਵੀ ਹਾਂ, ਛੱਡਣਾ ਚਾਹੁੰਦਾ ਹਾਂ ਪਰ ਇਹ ਆਦਤ ਛੁਟ ਨਹੀਂ ਰਹੀ।"

"ਆਦਤ ਪਈ ਕਿਵੇਂ ਸੀ?"

"ਜੀ ਮਾੜੀ ਸੰਗਤ ਕਰਕੇ।"

"ਫੇਰ ਤੇ ਕੰਮ ਹੀ ਬੜਾ ਸੌਖਾ ਹੈ, ਚੰਗੀ ਸੰਗਤ ਕਰਿਆ ਕਰ,ਮਾੜੀਆਂ ਆਦਤਾਂ ਛੁੱਟ ਜਾਣਗੀਆਂ, ਚੰਗੀਆਂ ਆਦਤਾਂ ਪੈ ਜਾਣਗੀਆਂ।" ਸ੍ਰੀ ਸਤਿਗੁਰੂ ਜੀ ਨੇ ਬੜੇ ਸਹਿਜ ਨਾਲ ਜਿੰਦਗੀ ਦਾ ਡੂੰਗਾ ਭੇਦ ਸਮਝਾ ਦਿੱਤਾ। ਅਜਿਹੀਆਂ ਅਨੇਕਾਂ ਘਟਨਾਵਾਂ ਹਨ ਕਿ ਜੇ ਇੱਕ ਵੇਟ ਲਿਫ਼ਟਰ ਸਿੱਖ ਨੌਜੁਆਨ ਨੇ ਵੇਟ ਲਿਫ਼ਟਿੰਗ (ਭਾਰ ਚੁੱਕਣ) ਵਿੱਚ ਚੈਂਪੀਅਨ ਬਣਨ ਤੇ ਸ੍ਰੀ ਸਤਿਗੁਰੂ ਜੀ ਨੂੰ ਆਪਣੀ ਉਪਲਬਦੀਆਂ ਦੱਸ ਰਿਹਾ ਸੀ। ਗਰੀਬ ਨਿਵਾਜ਼ ਵੇਰਵੇ ਸਹਿਤ ਪੁੱਛਦੇ ਰਹੇ। ਕਿੰਨਾ ਭਾਰ ਚੁੱਕਦਾ ਹੈਂ? ਤੇਰੇ ਮੁਕਾਬਲੇ ਵਾਲੇ ਤੈਥੋਂ ਕਿੰਨਾ ਘੱਟ ਚੁੱਕ ਸਕੇ? ਖੁਰਾਕ ਕਿਸ ਤਰ੍ਹਾਂ ਦੀ ਹੈ? ਕਸਰਤ ਕਿਸ ਕਿਸਮ ਦੀ ਕਰਦਾ ਹੈਂ? ਆਦਿ-ਆਦਿ। ਨੌਜੁਆਨ ਬੜਾ ਖੁਸ਼ ਸੀ ਕਿ ਏਨੇ ਵਡੇ ਸਥਾਨ ਤੇ ਹੋ ਕੇ ਵੀ ਸਤਿਗੁਰੂ ਜੀ ਮੇਰੀ ਖੇਡ ਬਾਰੇ ਕਿੰਨੀ ਰੁਚੀ ਰਖਦੇ ਹਨ, ਮੈਨੂੰ ਕਿੰਨਾ ਵਕਤ ਦੇ ਰਹੇ ਹਨ।ਕਿਸੇ ਨੂੰ ਮਿਲਨ ਤੇ ਜਾਂ ਉਸ ਨਾਲ ਬਚਨ ਬਿਲਾਸ ਕਰਦਿਆਂ, ਕੁਝ ਹੀ ਪਲਾਂ ਵਿਚ ਸਤਿਗੁਰੂ ਜੀ ਉਸਨੂੰ ਪੂਰੀ ਤਰ੍ਹਾਂ ਅਪੱਣਤ ਦਾ ਅਹਿਸਾਸ ਕਰਵਾ ਦਿੰਦੇ ਸਨ, ਅਪੱਣਤ ਸੱਜਣਾ ਵਰਗੀ, ਮਾਪਿਆਂ ਵਰਗੀ, ਪ੍ਰੇਮੀਆਂ ਵਰਗੀ। ਅਖੀਰ ਬੜੇ ਪ੍ਰੇਮ ਨਾਲ ਉਸਨੂੰ ਹੌਲੀ ਜਿਹੀ ਬਚਨ ਕੀਤਾ। ਤੂੰ ਬੜਾ ਤਗੜਾ ਹੈਂ, ਕਿੰਨਾਂ ਭਾਰ ਚੁੱਕ ਸਕਦਾ ਹੈਂ? ਥੋੜਾ ਜਿਹਾ ਮੇਰਾ ਵੀ ਭਾਰ ਚੁੱਕ ਲੈ।"

"ਹੁਕਮ ਕਰੋ ਪਾਤਸ਼ਾਹ ਜੀ।"

"ਦਾੜੀ ਦਾ ਭਾਰ ਚੁੱਕ ਸਕੇਂ ਤਾਂ ਮੈਨੂੰ ਬਹੁਤ ਖੁਸ਼ੀ ਹੋਵੇਗੀ।"

"ਸੱਤ ਬਚਨ ਗ੍ਰੀਬ ਨਿਵਾਜ਼।"

ਇਸ ਤਰ੍ਹਾਂ ਦੇ ਸਨ, ਗਿਆਨ, ਪ੍ਰੇਮ, ਅਤੇ ਰੂਹਾਨੀਅਤ ਦੇ ਪੈਗੰਬਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ। ਆਪ ਜੀ ਦੀਆਂ ਪਾਈਆਂ ਪੈੜਾਂ ਤੇ, ਗੁਰਮਤ ਦੇ ਗਾਡੀ-ਰਾਹ ਤੇ ਨਾਮਧਾਰੀ ਪੰਥ ਦੀ ਰਹਿਨੁਮਾਈ ਕਰ ਰਹੇ ਹਨ, ਵਰਤਮਾਨ ਸਤਿਗੁਰੂ, ਸ੍ਰੀ ਸਤਿਗੁਰੂ ਉਦੇ ਸਿੰਘ ਜੀ ਹੁਣ ਕੁਝ ਸਮੇਂ ਵਾਸਤੇ ਸੰਗਤਾਂ ਦੇ ਰੂਬਰੂ ਹੋਣਗੇ—ਸ੍ਰ: ਗਿਆਨ ਸਿੰਘ ਜੀ ਬਿਲਗਾ।

ਇਕਹਿਰੇ ਸਰੀਰ ਵਾਲੇ ਬਜ਼ੁਰਗ ਨੌਜੁਆਨਾਂ ਵਰਗੀ ਗਰਮ ਜੋਸ਼ੀ ਨਾਲ ਸੰਗਤਾਂ ਦੇ ਰੂਬਰੂ ਹੋਏ ਸ.ਗਿਆਨ ਸਿੰਘ ਬਿਲਗਾ; ਸੰਖੇਪ ਸਾਰ:

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਏਨੇਂ ਰੁਝੇਵਿਆਂ ਵਿਚੋਂ ਏਥੋਂ ਦੀਆਂ ਸੰਗਤਾਂ ਨੂੰ ਨਿਵਾਜ਼ਣ ਲਈ ਚੱਲ ਕੇ ਆਏ ਹਨ। ਅਸੀਂ ਇੰਡੋ-ਅਮੈਰਿਕਨ ਕਲਚਰਲ ਆਰਗੇਨਾਇਜੇਸ਼ਨ ਵਲੋਂ ਆਪ ਜੀ ਦਾ ਏਥੇ ਪਧਾਰਨ ਤੇ ਸਵਾਗਤ ਕਰਦੇ ਹਾਂ।

ਆਜ਼ਾਦੀ ਸੰਗ੍ਰਾਮ ਦੀਆਂ ਲਹਿਰਾਂ ਨੂੰ ਵੰਡ ਕੇ ਨਹੀਂ ਵੇਖਿਆ ਜਾ ਸਕਦਾ, ਭਾਰਤ ਦੀ ਆਜ਼ਾਦੀ ਲਈ ਉੱਠੀਆਂ, ਇੱਕ ਤੋਂ ਬਾਅਦ ਇੱਕ, ਲਹਿਰਾਂ ਦੇ ਸਾਮੂਹਿਕ ਯੋਗਦਾਨ ਸਦਕਾ ਹੀ ਗੋਰੇ ਵਿਦੇਸ਼ੀ ਹਾਕਮਾਂ ਨੂੰ ਭਾਰਤ ਛੱਡ ਕੇ ਜਾਣਾਂ ਪਿਆ, ਅਸੀਂ ਆਜ਼ਾਦ ਹੋਏ। 1857 ਦਾ ਗਦਰ, ਕੂਕਾ ਅੰਦੋਲਨ, ਪਗੜੀ ਸੰਭਾਲ ਜੱਟਾ, ਕਿਸਾਨ ਅੰਦੋਲਨ, ਗਦਰ ਲਹਿਰ, ਭਾਰਤ ਨੌਜੁਆਨ ਸਭਾ, ਬੱਬਰ ਅਕਾਲੀ ਆਦਿ ਅਨੇਕਾਂ ਅੰਦੋਲਨ ਹੋਏ। ਦੇਸ਼ ਭਗਤਾਂ ਨੇ ਆਪਣੇ ਜੀਵਨ ਦੀ ਆਹੂਤੀ ਪਾ ਕੇ ਦੇਸ਼ ਆਜ਼ਾਦ ਕਰਵਾਇਆ। ਪਰ ਵੀਹਵੀਂ ਸਦੀ ਵਿਚ ਉੱਠੀਆਂ ਸਾਰੀਆਂ ਹੀ ਦੇਸ਼ ਭਗਤ ਜਥੇਬੰਦੀਆਂ, ਲਹਿਰਾਂ ਦੀ ਪ੍ਰੇਰਣਾ ਸ੍ਰੋਤ ਸੀ- ਨਾਮਧਾਰੀ ਲਹਿਰ। ਜਿਨ੍ਹਾਂ ਨੇ ਸਭ ਤੋਂ ਪਹਿਲਾਂ ਨਾਮ-ਬਾਣੀ ਦਾ ਪ੍ਰਚਾਰ ਕੀਤਾ, ਸਦਾਚਾਰਕ ਜੀਵਨ ਵਿਚ ਪ੍ਰਪੱਕ ਕੀਤਾ, ਨਾਲ ਹੀ ਦੇਸ਼ ਭਗਤੀ ਦਾ ਸੰਦੇਸ਼ ਦਿਤਾ। ਦੇਸ਼ ਭਗਤੀ ਅਤੇ ਪ੍ਰਭੂ ਭਗਤੀ ਨੂੰ ਬਰਾਬਰ ਰਖ ਕੇ ਪ੍ਰਚਾਰ ਕੀਤਾ।

1857 ਦੇ ਗਦਰ ਸਮੇਂ ਬਾਦਸ਼ਾਹ ਬਹਾਦਰਸ਼ਾਹ ਨੂੰ ਅੰਦੋਲਨ ਦਾ ਆਗੂ ਬਣਾਇਆ ਗਿਆ। ਜਦੋਂ ਗਦਰ ਦੀ ਚੜ੍ਹਤ ਸੀ। ਉਸ ਵੇਲੇ ਉਹ ਚੜ੍ਹਦੀ ਕਲਾ 'ਚ ਰਿਹਾ ਪਰ ਜਦ ਮੁੜ ਦਿੱਲੀ ਤੇ ਅੰਗਰੇਜ਼ ਦਾ ਕਬਜਾ ਹੋ ਗਿਆ ਤਾਂ ਉਸਦਾ ਹੌਂਸਲਾ ਟੁੱਟ ਗਿਆ। ਉਹ ਸ਼ਾਇਰ ਵੀ ਸੀ, ਉਸਨੇ ਲਿਖਿਆ—

ਗਾਜ਼ੀਓ ਮੇਂ ਬੂ ਰਹੇਗੀ ਜਬ ਤਲਕ ਈਮਾਨ ਕੀ,<br>
ਤਖਤੇ ਲੰਡਨ ਤੱਕ ਚਲੇਗੀ, ਤੇਗ ਹਿੰਦੁਸਤਾਨ ਕੀ॥

ਪਰ ਜਦ ਹਾਰ ਹੋ ਗਈ, ਉਸ ਵੇਲੇ ਕਿਹਾ—

ਦਮ ਦਮੇਂ ਮੇਂ ਦਮ ਨਹੀਂ, ਅਬ ਖੈਰ ਮਾਂਗੋ ਜਾਨ ਕੀ,<br>
ਤਖਤੇ ਲੰਡਨ ਤੱਕ ਚਲ ਚੁੱਕੀ, ਤੇਗ ਹਿੰਦੁਸਤਾਨ ਕੀ॥

ਪਰ ਉਸਨੂੰ ਕੀ ਪਤਾ ਸੀ ਕਿ ਏਥੇ ਹੋਰ ਸੂਰਮੇ ਉਠਣਗੇ, ਸੰਗਰਾਮ ਹੋਣਗੇ, ਅੰਗਰੇਜ਼ ਨੂੰ ਭਾਰਤ ਛੱਡਣਾ ਪਏਗਾ। ਪਰ ਸਤਿਗੁਰੂ ਬਾਬਾ ਰਾਮ ਸਿੰਘ ਜੀ ਜਲਾਵਤਨ ਹੋ ਕੇ ਅੰਗਰੇਜ਼ ਦੀ

ਕੈਦ ਵਿਚ ਵੀ ਚੜ੍ਹਦੀ ਕਲਾ ਵਿਚ ਰਹੇ। ਉਹਨਾਂ ਦੇ ਸਿੱਖ ਰੂਪੋਸ਼ ਹੋ, ਅਨੇਕਾਂ ਕਸ਼ਟ ਝੱਲਕੇ ਬਰਮਾ ਵਿੱਚ ਸਤਿਗੁਰੁ ਜੀ ਤੱਕ ਪੁਜਦੇ ਰਹੇ,ਪੰਜਾਬ ਦੇ ਹਾਲਾਤ ਉਨਾਂ ਨੂੰ ਦੱਸਦੇ ਅਤੇ ਹੁਕਮਨਾਮੇ ਲੈ ਕੇ ਆਉਂਦੇ ਰਹੇ,ਕਈ ਕੈਦ ਵੀ ਹੋਏ। ਸਤਿਗੁਰੁ ਜੀ ਦਾ ਲਗਾਤ ਏਥੇ

ਕੇਲੈਫੋਰਨੀਆਂ ਵਿੱਚ ਅਸੀਂ ਹਰ ਵਰ੍ਹੇ ਗਦਰ ਲਹਿਰ ਦੇ ਸ਼ਹੀਦਾਂ ਦਾ ਮੇਲਾ ਮਨਾਉਂਦੇ ਹਾਂ, ਉਸ ਮੇਲ ਵਿੱਚ ਸਟੇਜ਼ ਤੇ ਅਸੀਂ ਸਤਿਗੁਰੁ ਰਾਮ ਸਿੰਘ ਜੀ ਦੀ ਵੱਡੀ ਤਸਵੀਰ ਲਗਾਉਂਦੇ ਹਾਂ। ਸਾਨੂੰ ਕਈ ਪੁਛਦੇ ਹਨ ਕਿ ਤੁਸੀਂ ਇਹ ਫੋਟੋ ਕਿਉਂ ਲਗਾਉਂਦੇ ਹੋ? ਗਦਰ ਲਹਿਰ ਅਤੇ ਨਾਮਧਾਰੀਆਂ ਦਾ ਕੀ ਸਬੰਧ ਹੈ ? ਅਸੀਂ ਖੁੱਲੀ ਸਟੇਜ਼ ਤੋਂ ਜੁਆਬ ਦਿਤਾ ਸੀ ਕਿ ਸਾਦੀ ਸਿਧਾਂਟਾ ਦੀ ਸਾਂਝ ਹੈ ।ਅਸੀਂ ਆਖਿਆ ਕਿ ਆਜ਼ਾਦੀ ਲਈ ਜਿਨਾਂ ਸਭ ਤੋਂ ਪਹਿਲੋਂ ਖ਼ੂਨ ਦਿਤਾ ਉਹ ਕੌਣ ਸਨ?

ਬਾਗਗਬਾਂ ਕੋ ਜਬ ਖ਼ੂਨ ਕੀ ਜਰੂਰਤ ਪੜੀ,<br>
ਸਭ ਸੇ ਪਹਿਲੇ ਯੇ ਗਰਦਨ ਹਮਾਰੀ ਕਟੀ।<br>
ਅਬ ਯੇ ਕਹਿਤੇ ਹੈਂ ਹਮਸੇ ਅਹਿਲੇ ਵਤਨ,<br>
ਯੇ ਵਤਨ ਹਮਾਰਾ ਹੈ, ਤੁਮਾਰਾ ਨਹੀਂ।

ਸਭ ਤੋਂ ਪਹਿਲੋਂ ਜੋ ਆਜ਼ਾਦੀ ਦੀ ਲਹਿਰ ਚੱਲੀ ਉਸਦੇ ਵਾਰਸ ਤੁਸੀਂ ਹੋ। ਗਦਰ ਪਾਰਟੀ ਦੇ ਪਹਿਲੇ ਪ੍ਰਧਾਨ ਬਾਬਾ ਸੋਹਣ ਸਿੰਗ ਭਕਨਾ ਤਾਂ ਉਪਜ ਹੀ ਨਾਮਧਾਰੀ ਲਹਿਰ ਦੀ ਹਨ।ਗੁਰਦੁਆਰਾ ਸੁਧਾਰ ਲਹਿਰ ਦਾ ਆਰੰਭ ਵੀ ਨਾਮਧਾਰੀਆਂ ਨੇ ਹੀ ਕੀਤਾ । ਅੰਮ੍ਰਿਤਸਰ ਹਰਿਮੰਦਰ ਸਾਹਿਬ ਦੀ ਪਵਿੱਤਰਤਾ ਲਈ ਸ਼ਹੀਦੀਆਂ, ਮਲੇਰਕੋਟਲੇ ਦੀ ਸ਼ਹੀਦੀਆਂ ਦਾ ਮਕਸਦ ਸਿੱਖੀ ਵਿੱਚ ਸੁਧਾਰ ਲਿਆਉਣਾ ਅਤੇ ਦੇਸ਼ ਆਜ਼ਾਦ ਕਰਵਾਉਣਾ ਸੀ। ਕਿਹੜੀ-ਕਿਹੜੀ ਗੱਲ ਦੱਸਾਂ। ਨਾਮਧਾਰੀਆਂ ਦਾ ਲੰਗਰ ਸਦਾ-ਵਰਤ, 1899 ਈ: ਕਾਲ ਪੈ ਗਿਆ। ਭੈਣੀ ਸਾਹਿਬ ਕਾਲ ਪੀੜਤਾਂ, ਬਾਗੜ ਦੇ ਲੋਕਾਂ ਨੂੰ ਪ੍ਰਸ਼ਾਦਾ ਮਿਲਦਾ ਸੀ। ਉਸ ਸਮੇਂ ਲੁਧਿਆਣੇ ਦਾ ਡਿਪਟੀ ਕਮੀਸ਼ਨਰ ਭੈਣੀ ਸਾਹਿਬ ਆਇਆ। ਸਤਿਗੁਰੂ ਹਰੀ ਸਿੰਘ ਜੀ ਨੂੰ ਕਿਹਾ ਕਿ ਤੁਸੀਂ ਏਨਾਂ ਭੁਖਿਆਂ, ਚੋਰਾਂ ਨੂੰ ਲੰਗਰ ਕਿਉਂ ਦੇ ਰਹੇ ਹੋ? ਆਪ ਜੀ ਦਾ ਉੱਤਰ ਸੀ—“ਇਹ ਗੁਰੂ ਕਾ ਲੰਗਰ ਹੈ, ਭਾਂਵੇ ਮੇਰੇ ਭਰਾ ਦਾ ਕਾਤਲ ਵੀ ਹੋਵੇ, ਏਥੇ ਪੰਗਤ ਵਿਚ ਬੈਠਾ ਹੋਵੇ, ਪ੍ਰਸ਼ਾਦਾ ਉਸਨੂੰ ਵੀ ਮਿਲੇਗਾ। ਕਾਤਲ ਵੀ ਹੋਵੇ, ਇਥੇ ਪੰਗਤ ਵਿਚ ਵੀ ਬੈਠਾ ਹੋਵੇ, ਪ੍ਰਸ਼ਾਦਾ ਉਸ ਨੂੰ ਵੀ ਮਿਲੇਗਾ। ਤਦ ਉਸ ਹਾਕਮ ਨੇ ਕਿਹਾ, ਅਸੀਂ ਲੰਗਰ ਵਾਸਤੇ ਲਾਇਲ ਪੁਰ ਦੀ ਅਬਾਦ ਹੋ ਰਹੀ ਬਾਰ ਵਿੱਚ ਤੁਹਾਨੂੰ ਸੌ ਮੁਰੱਬਾ ਜ਼ਮੀਨ ਦੇਂਦੇ ਹਾਂ। ਤਾਂ ਸਤਿਗੁਰੂ ਹਰੀ ਸਿੰਘ ਜੀ ਨੇ ਉਸ ਦੀ ਪੇਸ਼ਕਸ ਠੁਕਰਾਉਂਦਿਆਂ ਕਿਹਾ ਸੀ, ਸੌ ਮੁਰੱਬਾ ਲੈ ਕੇ ਅਸੀਂ ਮੰਨ ਲੀਏ ਕਿ ਬਾਕੀ ਭਾਰਤ ਤੁਹਾਡਾ ਹੈ, ਜਦੋਂ ਲਵਾਂਗੇ ਸਾਰਾ ਦੇਸ਼ ਹੀ ਲਵਾਂਗੇ, ਸਾਡੀ ਹੀ ਜ਼ਮੀਨ ਸਾਨੂੰ ਦੇ ਕੇ ਦਾਨੀ ਹੋਣ ਦਾ ਭਰਮ ਪਾਲ ਰਹੇ ਹੋ। ਲੰਗਰ ਲਈ ਜ਼ਮੀਨ ਦੇਣੀ ਹੈ ਤਾਂ ਇੰਗਲੈਂਡ ਵਿੱਚੋਂ ਦਿਉ। ਇਸ ਲਹਿਰ ਨੇ ਦੇਸ਼ ਨੂੰ ਬਹੁਤ ਕੁਝ ਦਿੱਤਾ ਹੈ। ਮੈਂ ਭੈਣੀ ਸਾਹਿਬ ਗਿਆਂ ਸਾਂ ਉਥੇ ਮਿਨਿਏਚਰ ਪਾਰਕ ਵਿੱਚ ਉਹਨਾਂ ਕਿਲ੍ਹਿਆਂ ਦੇ ਮਾਡਲ ਹਨ, ਜਿੱਥੇ ਕੂਕਿਆਂ ਕੈਦਾਂ ਕੱਟੀਆਂ।

ਅੱਜ ਪੰਜਾਬ ਨਸ਼ਿਆਂ ਵਿੱਚ ਰੁੱੜ ਰਿਹਾ ਹੈ ਅਜਿਹੇ ਬੁਰੇ ਦੌਰ ਵਿੱਚ ਇਹ ਨਾਮਧਾਰੀ ਸਮਾਜ ਬਚਿਆ ਹੋਇਆ ਹੈ। ਅੱਜ ਪੰਜਾਬ ਨੂੰ ਸਦਾਚਾਰਕ ਜੀਵਨ ਦੀ ਲੋੜ ਹੈ। ਅੱਜ ਲੋੜ ਹੈ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਆਦਰਸ਼ਾਂ ਤੇ ਚੱਲਣ ਦੀ।

ਸਤਿਗੁਰੂ ਜਗਜੀਤ ਸਿੰਘ ਜੀ ਦਾ ਸਤਰ... ਅਮਨ ਲਹਿਰ ਵਿਚ ਬਹੁਤ ਵੱਡ ਯੋਗਦਾਨ ਹੈ। ਕੁਝ ਕੱਟੜਵਾਦੀਆਂ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਸਵਾਲ ਕੀਤਾ ਕਿ ਇਹ ਰੂਸੀ ਤਾਂ ਨਾਸਤਕ ਹਨ । ਤੁਹਾਡਾ ਇਨ੍ਹਾਂ ਨਾਲ ਕੀ ਸੰਬਧ ਹੈ ? ਸਤਿਗੁਰੁ ਜੀ ਦਾ ਜੁਆਬ ਸੀ- ਇਹ ਅਮਨ ਲਈ ਯਤਨ ਕਰਦੇ ਹਨ, ਮੈਂ ਇਹਨਾਂ ਨੂੰ ਆਂਖਦਾ ਹਾਂ ਜੇ ਅਮਨ ਚਾਹੁੰਦੇ ਹੋ ਤਾਂ ਗੁਰੂ ਨਾਨਕ ਦੀ ਗੱਲ ਮੰਨ ਲਉ।

ਮੈਂ ਸਤਿਗੁਰੂ ਜੀ ਨੂੰ ਅਰਜ਼ ਕਰਦਾ ਹਾਂ ਕਿ ਆਪਣੀ ਸੰਗਤ ਨੂੰ ਹੁਕਮ ਕਰ ਦਿਉ ਕਿ ਗਦਰ ਲਹਿਰ ਸਲਾਨਾ ਮੇਲੇ ਵਿੱਚ ਹੁਮ ਹੁੰਮਾ ਕੇ ਪੁੱਜਿਆ ਕਰਨ। ਉਪਰੰਤ ਸ੍ਰ: ਕਸ਼ਮੀਰ ਸਿੰਘ ਜੀ ਸੰਗਤ ਦੇ ਰੂਬਰੂ ਹੋਏ। ਸੰਖੇਪ ਸਾਰ ਹੈ- ਮੈਂ ਦੂਜੀ ਵੇਰ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਹਾਜ਼ਰ ਹੋਇਆਂ ਹਾਂ। ਬਹੁਤ ਖੁਸ਼ੀ ਹੁੰਦਿ ਹੈ ਕਿ ਨਾਮਧਾਰੀ ਸੰਗਤ ਨੇ ਗੁਰਮਤਿ ਕੀਰਤਨ ਦੀਆਂ ਪੁਰਾਤਨ ਰੀਤਾਂ ਬਾਣੀ ਦੀ ਸੁਧਤਾ ਨੂੰ ਕਾਇਮ ਰੱਖਿਆ ਹੈ। ਹਰਪਾਲ ਸਿੰਘ ਸੇਵਕ ਨੂੰ ਵੀ ਮੈਂ ਦੂਜੀ ਵਾਰ ਮਿਲਿਆ ਹਾਂ। ਨਿਊਯਾਰਕ ਟੈਲੀਵਿਜ਼ਨ ਤੇ ਸੇਵਕ ਜੀ ਨੇ ਬਹੁਤ ਹੀ ਵਧੀਆ ਸ਼ਬਦਾਂ ਵਿਚ ਸੰਦੇਸ਼ ਦਿੱਤਾ ਸੀ। ਅੱਜ ਮੇਰੇ ਛੋਟੇ ਛੋਟੇ ਬਚਿਆਂ ਨੇ ਕਿੰਨਾਂ ਵਧੀਆ ਕੀਰਤਨ ਕੀਤਾ ਹੈ। ਤੁਸੀ ਸਭ ਵਧਾਈ ਦੇ ਪਾਤਰ ਹੋ। ਮੈਂ ਬੇਨਤੀ ਕਰਦਾ ਹਾਂ ਇਥੋਂ ਦੀ ਸੰਗਤ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਦਿਵਸ ਸਾਡੇ ਨਾਲ ਮਿਲ ਕੇ ਮਨਾਇਆ ਕਰਨ। ਸਾਡੇ ਵਾਸਤੇ ਕਈਆਂ ਕੱਟੜਪੰਥੀਆਂ ਵੱਲੋਂ ਕਿਹਾ ਗਿਆ ਕਿ ਤੁਸੀ ਸਤਿਗੁਰੂ ਕਿਉਂ ਆਖਦੇ ਹੋ? ਅਸੀਂ ਆਖਿਆ ਜਿੰਨਾਂ ਸਤਿਗੁਰਾਂ ਵਾਲੇ ਕੰਮ ਕੀਤੇ ਹਨ ਉਨ੍ਹਾਂ ਨੂੰ ਸਤਿਗੁਰੂ ਜੀ ਕਹਾਂਗੇ।..................

ਸਤਿਗੁਰੂ ਰਾਮ ਸਿੰਘ ਜੀ ਨੇ ਬਰਤਾਨਵੀ ਸਰਕਾਰ ਦਾ ਹਰ ਪੱਖੋਂ ਬਾਈਕਾਟ ਕਰਕੇ ਸਵੈਰਾਜ ਦਾ ਸੰਕਲਪ ਦਿੱਤਾ। ਅਸੀਂ ਸਤਿਗੁਰੂ ਰਾਮ ਸਿੰਘ ਜੀ ਦਾ ਦਿਨ ਮਨਾਇਆ ਤਾਂ ਨਾਮਧਾਰੀ ਸਿੱਖਾਂ ਨੂੰ ਕਿਹਾ ਕਿ ਤੁਸੀ ਪੂਰੇ ਪਹਿਰਾਵੇ ਵਿਚ, ਗਲਾਂ ਵਿਚ ਮਾਲਾ ਪਾ ਕੇ ਆਇਓ, ਤੁਹਾਨੂੰ ਸਭ ਤੋਂ ਅਗੇ ਬਿਠਾਵਾਂਗੇ।

**(ਚੱਲਦਾ).....**

## ਪਿੰਡ ਰੌੜ (ਜ਼ਿਲਾ ਲੁਧਿਆਣਾ) ਵਿਖੇ ਨੰਬਰਦਾਰ ਗੁਲਜ਼ਾਰ ਸਿੰਘ ਨਮਿੱਤ ਮੇਲਾ

ਸ੍ਰੀ ਸਤਿਗੁਰੂ ਜੀ ਦੇ ਸ਼ਰਧਾਲੂ ਸਿੱਖ, ਨੰਬਰਦਾਰ ਗੁਲਜ਼ਾਰ ਸਿੰਘ ਜੀ ਕੁਝ ਚਿਰ ਬਿਮਾਰ ਰਹਿ ਕੇ ਗੁਰ ਚਰਨਾਂ ਵਿਚ ਜਾ ਬਿਰਾਜੇ। ਉਹਨਾਂ ਨਮਿੱਤ ਸੰਤ ਸਤਨਾਮ ਸਿੰਘ ਜੀ ਸਸਰਾਲੀ ਕਾਲੋਨੀ ਵਾਲਿਆਂ ਦੇ ਪ੍ਰਬੰਧ ਅਨੁਸਾਰ ਨੰਬਰਦਾਰ ਜੀ ਦੇ ਪੁੱਤਰਾਂ ਦਇਆ ਸਿੰਘ, ਨਿਹਾਲ ਸਿੰਘ, ਗੁਰਮੁਖ ਸਿੰਘ ਨੇ 21 ਅਗਸਤ ਦਿਨ ਮੰਗਲਵਾਰ ਨੂੰ ਮੇਲਾ ਕੀਤਾ। ਪੰਡਾਲ ਵਿਚ ਸੂਬਾ ਨਿਰੰਜਨ ਸਿੰਘ ਜੀ ਟਮਕੌਦੀ ਵਾਲਿਆਂ ਨੇ **"ਰਾਮ ਸਿਮਰ ਰਾਮ ਸਿਮਰ ਇਹੈ ਤੇਰਾ ਕਾਜ ਹੈ"** ਧਾਰਨਾ ਲਾ ਦੀਵਾਨ ਸਜਾਇਆ। ਉਪਰੰਤ ਜਥੇਦਾਰ ਗੁਰਲਾਲ ਸਿੰਘ ਜੀ ਨੇ **"ਸਾਧੋ ਰਚਨਾ ਰਾਮ ਬਨਾਈ"** ਦੀ ਧਾਰਨਾ ਲਾ ਬਹੁਤ ਵਿਸਥਾਰ ਨਾਲ ਦੀਵਾਨ ਸੁਣਾ ਕੇ ਸਾਧ ਸੰਗਤ ਨੂੰ ਨਿਹਾਲ ਕੀਤਾ। ਇਸ ਸਮੇਂ ਚਿਰਾਂ ਤੋਂ ਉਡੀਕ ਦੀ ਸੰਗਤ ਨੂੰ ਪਰਮ ਪੂਜਯ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਦਰਸ਼ਨ ਦੇਣ ਦੀ ਬਖਸ਼ਿਸ ਕੀਤੀ। ਸਮੂਹ ਸਾਧ ਸੰਗਤ ਨੇ ਉੱਠ ਕੇ ਜੈਕਾਰਿਆਂ ਨਾਲ ਸੁਆਗਤ ਕੀਤਾ। ਸਾਧ ਸੰਗਤ ਦਾ ਬਹੁਤ ਇੱਕਠ ਸੀ। ਸਭ ਨੇ ਸੀਸ ਨਿਵਾ ਨਮਸਕਾਰ ਕਰਕੇ ਖੁਸ਼ੀਆਂ ਪ੍ਰਾਪਤ ਕੀਤੀਆਂ। ਪਰਿਵਾਰ ਵੱਲੋਂ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ 13 ਪਾਠਾਂ ਦੇ ਭੋਗ ਪਾਏ ਗਏ। 12 ਪਾਠ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿੱਤ, ਇਕ ਪਾਠ ਨੰਬਰਦਾਰ ਗੁਲਜ਼ਾਰ ਸਿੰਘ ਜੀ ਦੀ ਆਤਮਿਕ ਸ਼ਾਂਤੀ ਲਈ। ਇਸ ਸਮੇਂ ਸ੍ਰ: ਕੁਲਰਾਜ ਸਿੰਘ, ਸ੍ਰ: ਸਿਮਰਜੀਤ ਸਿੰਘ ਢਿੱਲੋਂ, ਜਥੇਦਾਰ ਗੁਰਚਰਨ ਸਿੰਘ ਮਿਹਰਬਾਨ, ਸ੍ਰ: ਕਰਮ ਸਿੰਘ ਸਰਪੰਚ, ਸ੍ਰ: ਚੈਂਚਲ ਸਿੰਘ ਜੀ ਪ੍ਰਧਾਨ ਆਦਿ ਨੇ ਵੀ ਹਾਜ਼ਰੀ ਭਰੀ। ਨੰਬਰਦਾਰ ਗੁਲਜ਼ਾਰ ਸਿੰਘ ਜੀ ਦੇ ਭਰਾ ਸ੍ਰ: ਦਰਸ਼ਨ ਸਿੰਘ ਤੇ ਚਰਨ ਸਿੰਘ ਨੇ ਸ੍ਰੀ ਸਤਿਗੁਰੂ ਜੀ ਅਤੇ ਆਈ ਸਾਧ ਸੰਗਤ ਦਾ ਬਹੁਤ ਧੰਨਵਾਦ ਕੀਤਾ। ਸ੍ਰ: ਨਿਰਮਲ ਸਿੰਘ, ਸ੍ਰ: ਬੁੱਧ ਸਿੰਘ, ਡਾ: ਜਸਵੀਰ ਸਿੰਘ, ਸੰਤ ਤਿਰਲੋਕ ਸਿੰਘ, ਸੰਤ ਬਲਵਿੰਦਰ ਸਿੰਘ ਸਾਡੇ ਪ੍ਰਬੰਧ ਵਿਚ ਸੇਵਾ ਕਰਦੇ ਰਹੇ ਹਨ। ਡਾ: ਜਸਵੀਰ ਸਿੰਘ ਨੇ ਸਟੇਜ ਦੀ ਸੇਵਾ ਬਹੁਤ ਸੁਚੱਜੀ ਤਰ੍ਹਾਂ ਨਿਭਾਈ ਹੈ। ਜਥੇਦਾਰ ਜੋਧ ਸਿੰਘ ਵਜ਼ੀਦ ਨੇ ਸਾਥੀਆਂ ਸਮੇਤ ਲੰਗਰ ਛਕਾਉਣ ਦੀ ਸੇਵਾ ਸਾਰਾ ਦਿਨ ਨਿਭਾਈ। ਯਾਦ ਰਹੇ ਨੰਬਰਦਾਰ ਗੁਲਜ਼ਾਰ ਸਿੰਘ ਜੀ ਨੇ ਪੰਥ ਉਤੇ ਸਮਾਜ ਦੀ ਸੇਵਾ ਕਰਕੇ ਬਹੁਤ ਚੰਗਾ ਜਸ ਪ੍ਰਾਪਤ ਕੀਤਾ ਹੈ। ਉਹਨਾਂ ਦਾ ਸਾਰਾ ਪਰਿਵਾਰ ਵੀ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਚਰਨਾ ਦਾ ਸੇਵਕ ਹੀ ਹੈ।

**-ਮਾਸਟਰ ਜਗਮੋਹਨ ਸਿੰਘ ਟਮਕੌਦੀ**

## ਸੰਤ ਕਰਮ ਸਿੰਘ ਹਿੰਮਤਪੁਰੇ ਵਾਲਿਆਂ ਦੀ ਯਾਦ ਵਿਚ 77ਵਾਂ ਜੋੜ ਮੇਲਾ

**ਹਿੰਮਤਪੁਰਾ:-** ਸੰਤ ਕਰਮ ਸਿੰਘ ਜੀ ਦੀ ਯਾਦ ਵਿਚ ਹਰ ਸਾਲ ਦੀ ਤਰ੍ਹਾਂ ਇਸ ਵਾਰੀ ਵੀ 77ਵਾਂ ਜੋੜ ਮੇਲਾ ਸ਼ਰਧਾ ਪੂਰਵਕ ਮਨਾਇਆ। ਸੰਤ ਜਸਵੰਤ ਸਿੰਘ ਜੀ ਹੋਰਾਂ ਨੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਚਰਨਾਂ ਚੋਂ ਅਰਜ਼ ਕਰਕੇ ਮੇਲੇ ਦੀ ਪਰਵਾਨਗੀ ਲਈ। ਮਿਤੀ 29-30-31 ਅਗਸਤ 2018 ਮੁਤਾਬਿਕ 13-14-15 ਭਾਦਰੋਂ ਨੂੰ ਇਹ ਮੇਲਾ ਮਨਾਇਆ ਗਿਆ। ਇਸ ਮੇਲੇ ਵਿਚ ਦੂਰ-ਦੂਰ ਤੋਂ ਸੰਗਤਾਂ ਆ ਕੇ ਹਾਜ਼ਰੀ ਭਰਦੀਆਂ ਹਨ। ਸੰਤ ਕਰਮ ਸਿੰਘ ਜੀ ਨੂੰ ਪੁੱਤਰਾਂ ਦਾ ਖ਼ਜਾਨਾ ਬਖਸ਼ਿਆ ਹੋਇਆ ਸੀ। ਸਤਿਗੁਰੂ ਹਰੀ ਸਿੰਘ ਜੀ ਨੇ ਸੰਤਾਂ ਨੂੰ ਵਰ ਦਿੱਤਾ ਸੀ ਕਿ ਇਹ ਤਾਂ ਬਹੁਤ ਵੱਡਾ ਸੰਤ ਹੋਵੇਗਾ। ਸਤਿਗੁਰੂ ਪਰਤਾਪ ਸਿੰਘ ਜੀ ਨੂੰ ਜੇ ਕੋਈ ਸਿੱਖ ਆ ਕੇ ਪੁੱਤਰ ਦੀ ਦਾਤ ਵਾਸਤੇ ਅਰਜ਼ ਕਰਦਾ ਤਾਂ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਹੁਕਮ ਕਰਦੇ ਸਨ ਕਿ ਸੰਤ ਕਰਮ ਸਿੰਘ ਹੋਰਾਂ ਨੂੰ ਇਹ ਖਜ਼ਾਨਾ ਦੇ ਦਿੱਤਾ ਹੈ ਉਥੇ ਜਾਵੋ। ਸੰਤ ਕਰਮ ਸਿੰਘ ਜੀ ਮਹਾਨ ਤੱਪਸਵੀ, ਤਿਆਗੀ, ਬ੍ਰਹਮ ਨੇਸ਼ਟੀ, ਤੇ ਸਤਿਗੁਰੂ ਜੀ ਦੇ ਚਰਨਾਂ ਦੇ ਭੌਰੇ ਸਨ। ਉਹਨਾਂ ਨੇ ਸਾਰੀ ਉਮਰ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਬਤੀਤ ਕੀਤੀ। ਆਪਣੇ ਜਥੇ ਨਾਲ ਪਿੰਡੋ-ਪਿੰਡ ਸਿੱਖੀ ਦਾ ਪ੍ਰਚਾਰ ਕੀਤਾ। ਪੁੱਤਰਾਂ ਦਾ ਖਜ਼ਾਨਾ ਕਿੰਝ ਖੋਲ ਕੇ ਵੰਡਿਆ। ਉਹਨਾਂ ਦਾ ਜਨਮ ਜ਼ਿੰਮੀਦਾਰਾ ਪਰਿਵਾਰ ਵਿਚ ਹਿੰਮਤਪੁਰੇ ਹੀ ਹੋਇਆ। ਇਸ ਸਥਾਨ ਤੇ ਸੰਗਤਾਂ ਪੁੱਤਰਾਂ ਦੀ ਦਾਤ ਵਾਸਤੇ ਸਿੱਖ ਜਾਂ ਬੀਬੀਆਂ ਅਰਜ਼ ਕਰਦੀਆਂ ਸੰਤ ਆਖਦੇ ਬੀਬੀ ਸੋਨਾ ਲੰਗਰ ਵਿਚ ਪਾ ਦੇ, ਪੁੱਤਰ ਹੋ ਜਾਵੇਗਾ। ਇਸ ਤਰ੍ਹਾਂ ਹੀ ਹੋਇਆ। ਆਪ ਜੀ ਦੀ ਯਾਦ ਵਿਚ ਇਹ ਮੇਲਾ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਮਨਾਇਆ ਜਾਂਦਾ ਹੈ। ਇਥੇ ਖਾਸ ਕਰਕੇ ਆਲੇ-ਦੁਆਲੇ ਦੀ ਖੁੱਲੀ ਸੰਗਤ ਬਹੁਤ ਆਉਂਦੀ ਹੈ। ਪੁੱਤਰਾਂ ਦੀ ਮਨੋਕਾਮਨਾ ਪੂਰੀ ਹੋਣ ਤੇ ਉਹ ਇਥੇ ਮੇਲੇ ਤੇ ਆ ਕੇ ਆਪਣੀ ਭੇਟਾ ਅਰਪਣ ਕਰਦੇ ਹਨ।

**ਮੇਲੇ ਦੀ ਆਰੰਭਤਾ:-** 29 ਅਗਸਤ ਤੋਂ ਆਸਾ ਦੀ ਵਾਰ ਦਾ ਕੀਰਤਨ ਮਾਸਟਰ ਦਰਸ਼ਨ ਸਿੰਘ ਜੀ ਤੇ ਸਾਥੀ, ਜਥੇਦਾਰ ਹਰਪਾਲ ਸਿੰਘ ਸਮੇਤ ਜਥੇ ਵਾਰੋ-ਵਾਰੀ ਢੋਲਕੀ-ਛੈਣਿਆਂ ਨਾਲ ਕਰਦੇ ਰਹੇ। ਤਿੰਨ ਦਿਨ ਜਥੇਦਾਰਾਂ, ਕਵੀਆਂ ਨੇ ਗੁਰ ਇਤਿਹਾਸ ਸੁਣਾ ਕੇ ਸਾਧ ਸੰਗਤ ਨੂੰ ਨਿਹਾਲ ਕੀਤਾ। ਮੇਲੇ ਵਿਚ ਜ: ਗੁਰਲਾਲ ਸਿੰਘ ਸ੍ਰੀ ਭੈਣੀ ਸਾਹਿਬ,ਜ: ਹਰਪਾਲ ਸਿੰਘ ਸ੍ਰੀ ਭੈਣੀ ਸਾਹਿਬ, ਮੱਖਣ ਸਿੰਘ ਮੱਲੇਕੇ, ਰਾਮ ਤੀਰਥ

ਜੀ ਜਲਾਲ ਵਾਲੇ, ਜੋਗਾ ਸਿੰਘ ਭੰਗੂਰ, ਕਵੀ ਸੁਰਜੀਤ ਸਿੰਘ ਭਦੌੜ, ਕਵੀ ਦਿਲਬਾਗ ਸਿੰਘ, ਸੂਬਾ ਸੰਦੀਪ ਸਿੰਘ, ਸੁਰਿੰਦਰ ਸਿੰਘ, ਜਸਪਾਲ ਸਿੰਘ ਸੰਤਨਗਰ, ਨਰਿੰਦਰ ਪਾਲ ਸਿੰਘ ਢਿਲਵਾਂ, ਪ੍ਰੀਤਮ ਸਿੰਘ ਐਲਨਾਬਾਦ, ਓਮ ਪ੍ਰਕਾਸ਼ ਪਟਵਾਰੀ ਮੌੜ ਮੰਡੀ, ਜਸਵਿੰਦਰ ਸਿੰਘ ਭਿੰਡਰ, ਸੰਤ ਧਰਮ ਦਾਸ ਸੈਦੋਕੇ, ਲੱਖਾ ਸਿੰਘ, ਬਾਬਾ ਪ੍ਰਦੀਪ ਸਿੰਘ ਬਧਨੀਕਲਾਂ, ਤੇ ਕਵੀ ਸੋਮਨਾਥ ਹੋੜਿਆ ਵਾਲਿਆਂ ਨੇ ਸੰਤਾਂ ਦੇ ਮੇਲੇ ਤੇ ਹੱਲੇ ਦੇ ਦੀਵਾਨ ਸਜਾਏ। ਇਸ ਮੌਕੇ ਤੇ ਸੂਬਾ ਬਲਵਿੰਦਰ ਸਿੰਘ ਨੇ ਸੰਤਾਂ ਦੀ ਜੀਵਨੀ ਤੇ ਚਾਨਣਾ ਪਾਇਆ। ਇਸ ਸਮੇਂ 15 ਪਾਠਾਂ ਦੇ ਭੋਗ ਪਾਏ ਗਏ। ਇਸ ਸਮੇਂ ਸੰਤਾਂ ਨੇ ਸਾਰੀਆਂ ਸੰਗਤਾਂ ਦਾ ਧੰਨਵਾਦ ਕੀਤਾ।

**ਮੇਲੇ ਦੀ ਸੇਵਾ:-** ਮੇਲੇ ਦੀ ਸੇਵਾ ਪਿੰਡ ਹਿੰਮਤਪੁਰੇ ਦੇ ਨੌਜਵਾਨਾਂ ਦੇ ਜੱਥੇ ਨੇ ਤਨ, ਮਨ, ਧਨ ਨਾਲ ਕੀਤੀ। ਉਹਨਾਂ ਨੇ ਜੋੜਿਆਂ ਦੀ ਸੇਵਾ, ਲੰਗਰ ਵਰਤਾਉਣ ਦੀ ਸੇਵਾ ਕੀਤੀ, ਇਸ ਮੌਕੇ ਤੇ ਉਹਨਾਂ ਨੇ ਖ਼ੂਨਦਾਨ ਕੈਂਪ ਵੀ ਆਯੋਜਿਤ ਕੀਤਾ। ਜਿਸ ਵਿਚ ਸੈਂਕੜੇ ਨੌਜਵਾਨਾਂ ਨੇ ਖ਼ੂਨ ਦਾਨ ਕੀਤਾ। ਤਿੰਨੇ ਦਿਨ ਗੁਰੂ ਕਾ ਲੰਗਰ ਅਤੁੱਟ ਵਰਤਦਾ ਰਿਹਾ। ਪਿੰਡ ਹਿੰਮਤਪੁਰਾ ਤੇ ਆਲੇ-ਦੁਆਲੇ ਦੀਆਂ ਬੀਬੀਆਂ ਨੇ ਲੰਗਰ ਪਕਾਉਣ ਦੀ ਸੇਵਾ ਨਿਰੰਤਰ ਕੀਤੀ। ਇਸ ਤਰ੍ਹਾਂ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਅਪਾਰ ਕਿਰਪਾ ਨਾਲ ਸੰਤਾਂ ਦਾ ਮੇਲਾ ਨਿਰਵਿਘਨ ਸਮਾਪਤ ਹੋਇਆ।

**-ਗੁਰਦੇਵ ਸਿੰਘ ਚੀਮਾਂ**

---

## ਪਿਛੈ ਕੀਰਤਨ ਕਰਿਅਹੁ ਨਿਰਬਾਣੁ ਜੀਓ

**ਲੁਧਿਆਣਾ**- 6 ਸਿਤੰਬਰ- ਮਾਤਾ ਪ੍ਰੇਮ ਕੌਰ ਜੀ ਪਤਨੀ ਸਵਰਗੀ ਸੰਤ ਪ੍ਰੀਤਮ ਸਿੰਘ ਜੀ ਡੇਹਲੋਂ, ਜੋ ਪਰਤਾਪ ਪੁਰ ਲੁਧਿਆਣਾ ਵਿਖੇ ਨਿਵਾਸ ਕਰਦੇ ਸਨ, ਦਾ ਦਿਹਾਂਤ 30 ਅਗਸਤ 2018 ਨੂੰ ਹੋ ਗਿਆ। ਉਹ 90-91 ਕੁ ਸਾਲ ਦੇ ਸਨ। ਮਾਤਾ ਜੀ ਦਾ ਪੇਕਾ ਪਰਿਵਾਰ ਹਿੰਦੂ ਘਰਾਣੇ ਨਾਲ ਸੰਬੰਧ ਰੱਖਦਾ ਸੀ। 6 ਭਰਾ ਅਤੇ ਦੋ ਭੈਣਾਂ ਸਨ ਅਤੇ ਸਾਹਨੇਵਾਲ ਦੇ ਵਸਨੀਕ ਸਨ। ਇਹਨਾਂ ਦਾ ਵਿਆਹ ਨਾਮਧਾਰੀ ਘਰਾਣੇ ਵਿਚ ਸੰਤ ਪ੍ਰੀਤਮ ਸਿੰਘ ਜੀ ਡੇਹਲੋਂ ਨਾਲ ਹੋ ਗਿਆ। ਸੰਤ ਪ੍ਰੀਤਮ ਸਿੰਘ ਜੀ ਅਤੇ ਉਹਨਾਂ ਦਾ ਭਤੀਜਾ ਸੰਤ ਨਛੱਤਰ ਸਿੰਘ ਲੋਟੇ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਚਰਨਾਂ ਨਾਲ ਜੁੜੇ। ਸਤਿਗੁਰੂ ਪਰਤਾਪ ਸਿੰਘ ਜੀ ਦੀ ਇਹਨਾਂ ਤੇ ਚਾਚਾ-ਭਤੀਜੇ ਤੇ ਅਥਾਹ ਬਖਸ਼ਿਸ਼ ਸੀ। ਫਿਰ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਅਪਾਰ ਬਖਸ਼ਿਸ਼ਾਂ ਦੇ ਪਾਤਰ ਬਣੇ ਰਹੇ।

ਮਾਤਾ ਪ੍ਰੇਮ ਕੌਰ ਜੀ ਦੇ ਪਤੀ ਸੰਤ ਪ੍ਰੀਤਮ ਸਿੰਘ ਜੀ ਦੇ ਚੜ੍ਹਾਈ ਕਰਨ ਤੋਂ ਬਾਅਦ ਆਪਣੇ ਪਰਿਵਾਰ 4 ਧੀਆਂ ਅਤੇ ਇੱਕ ਪੁੱਤਰ ਨੂੰ ਸੰਭਾਲਿਆ ਅਤੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਨਾਲ ਜੋੜੀ ਰੱਖਿਆ। ਹਾਜਰਾ-ਹਜ਼ੂਰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਵੀ ਇਹਨਾਂ ਨੂੰ ਭਰਪੂਰ ਪਿਆਰ ਦਿੱਤਾ। ਇਹਨਾਂ ਦੇ ਨਮਿੱਤ ਪਰਿਵਾਰ ਵਲੋਂ 6 ਸਿਤੰਬਰ 2018 ਦਿਨ ਵੀਰਵਾਰ ਨੂੰ ਨਾਮਧਾਰੀ ਸ਼ਹੀਦੀ ਸਮਾਰਕ ਵਿਖੇ ਪਾਠ ਦਾ ਭੋਗ ਪਾਇਆ ਗਿਆ। ਭੋਗ ਤੋਂ ਪਹਿਲਾਂ ਸੂਬਾ ਸੰਦੀਪ ਸਿੰਘ ਜੀ ਨੇ ਸੰਸਾਰ ਦੀ ਨਾਸ਼ਮਾਨਤਾ ਤੇ ਗੁਰਸਿੱਖ ਦੇ ਜੀਵਨ ਬਾਰੇ ਪ੍ਰਭਾਵਸ਼ਾਲੀ ਦੀਵਾਨ ਲਾਇਆ।

ਆਈ ਸਾਧ-ਸੰਗਤ ਦੀ ਸੇਵਾ ਪਰਿਵਾਰ ਵੱਲੋਂ ਕੀਤੀ ਗਈ ਤੇ ਸਭ ਦਾ ਧੰਨਵਾਦ ਕੀਤਾ।

**-ਸਵਿੰਦਰ ਸਿੰਘ ਨਾਮਧਾਰੀ**

---

## ਸ੍ਰ: ਤ੍ਰਲੋਚਨ ਸਿੰਘ ਦੇ ਗ੍ਰਹਿ ਵਿਖੇ ਮੇਲਾ
## (New Hampshire- U S A )

**2 ਸਿਤੰਬਰ 2018. New Hampshire-USA:-**

ਸੁਖਦੇਵ ਸਿੰਘ (ਨਿਊਯਾਰਕ)

ਸ੍ਰ: ਤਰਲੋਚਨ ਸਿੰਘ ਜੀ ਪੰਜਾਬ ਚੋਂ ਨਵੇਂ ਸ਼ਹਿਰ ਤੋਂ ਹਨ। ਨਿਊਯਾਰਕ ਤੋਂ 280 ਮੀਲ ਦੂਰ ਇੱਕਲਾ ਪ੍ਰਵਾਰ ਨਾਮਧਾਰੀ ਹੈ। ਪਿਛਲੇ ਵਰ੍ਹੇ ਜਦੋਂ ਭਾਰਤ ਆਏ ਤਾਂ ਸਰਦਾਰ ਜੀ ਸ੍ਰੀ ਭੈਣੀ ਸਾਹਿਬ ਦਰਸ਼ਨ ਕਰਨ ਆਏ, ਸ੍ਰੀ ਸਤਿਗੁਰੂ ਜੀ ਨੂੰ ਅਰਜ਼ ਕੀਤੀ ਕਿ ਅਸੀਂ ਇਕੱਲਾ ਪ੍ਰਵਾਰ ਹਾਂ, ਆਪ ਜੀ ਦੀ ਕਿਰਪਾ ਨਾਲ ਘਰ ਵੀ ਆਪਣਾ ਵਧੀਆ ਬਣ ਗਿਆ ਹੈ ਪਰ ਸਾਧ ਸੰਗਤ ਦੇ ਦਰਸ਼ਨਾਂ ਤੋਂ ਵਿਰਲੇ ਰਹਿੰਦੇ ਹਾਂ। ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਨਿਊਯਾਰਕ ਸੁਖਦੇਵ ਸਿੰਘ ਜੀ ਦਾ ਨੰਬਰ ਦਿੱਤਾ। ਗੱਲਬਾਤ ਹੁੰਦੀ ਰਹੀ। ਹੁਣ 12-13 ਅਗਸਤ 2018 ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਨਿਊਯਾਰਕ ਵੀ ਆਏ। ਆਪ ਆਪਣੇ ਘਰ ਨਾਮਸਿਮਰਨ, ਵਰਨੀ ਵਗੈਰਾ ਕਰਵਾਉਣੀ ਚਾਹੁੰਦੇ ਸਨ।

ਨਿਊਯਾਰਕ ਦੀ ਸੰਗਤ ਨੇ ਸ੍ਰ: ਤਿਰਲੋਚਨ ਸਿੰਘ ਜੀ ਨਾਲ ਗੱਲ ਕਰਕੇ ਪ੍ਰੋਗਰਾਮ ਬਣਾ ਲਿਆ। 1 ਸਿਤੰਬਰ ਰਾਤ 10 ਵਜੇ ਨਿਊਯਾਰਕ ਸਮੋਕੀ ਪਾਰਕ ਤੋਂ ਕਰੀਬ 10 ਵਜੇ ਗੱਡੀਆਂ ਰਵਾਨਾ ਹੋਈਆਂ 280 ਮੀਲ ਦਾ ਸਫ਼ਰ ਕਰਕੇ ਅੰਮ੍ਰਿਤ ਵੇਲੇ 3 ਵਜੇ ਸੰਗਤਾਂ New Hampshire ਸ੍ਰ: ਤ੍ਰਲੋਚਨ ਸਿੰਘ ਜੀ ਦੇ ਗ੍ਰਹਿ ਵਿਖੇ ਪੁੱਜੇ ਉਸੇ ਵੇਲੇ ਹੀ ਸੰਗਤਾਂ

ਨੇ ਇਸ਼ਨਾਨ ਕਰ ਲਿਆ। ਗੁਰਮੁਖੀ ਬਾਣੇ ਵਿਚ ਕਰੀਬ 45 ਸਿੰਘ, ਬੀਬੀਆਂ ਅਤੇ ਬੱਚੇ ਚੁਫੇਰੇ ਗਹਿਮਾ-ਗਹਿਮ, ਮੇਲਾ ਬਣ ਗਿਆ। ਸ੍ਰ: ਤਰਲੋਚਨ ਸਿੰਘ ਦਾ ਚਾਅ ਸੰਭਾਲਿਆ ਨਹੀਂ ਸੀ ਜਾ ਰਿਹਾ। ਨਾਮ-ਸਿਮਰਨ ਅਤੇ ਗੁਰਬਾਣੀ ਦਾ ਪਾਠ ਕਰਦਿਆਂ ਸੋਧ ਦਾ ਲੰਗਰ ਤਿਆਰ ਕੀਤਾ। 9 ਤੋਂ 10 ਨਾਮ ਸਿਮਰਨ ਕੀਤਾ ਸਤਿਗੁਰੂ ਜਗਜੀਤ ਸਿੰਘ ਜੀ ਦਾ ਰਿਕਾਰਡ ਪਾਵਨ ਉਪਦੇਸ਼ ਸੰਗਤਾਂ ਨੇ ਸ੍ਰਵਣ ਕੀਤਾ। ਪਹਿਲੋਂ ਅੰਮ੍ਰਿਤ ਤਿਆਰ ਕਰਕੇ, ਨਿਤਨੇਮ ਦੌਰਾਨ ਹੀ ਵੱਡੇ ਸੋਧੀਆਂ ਨੇ ਧੂਪ, ਦੀਪ, ਕੁੰਭ ਸੰਯੁਕਤ ਚੌਪਈ ਦੀ ਵਰਨੀ ਕੀਤੀ ਗਈ। ਨਿਤਨੇਮ ਉਪਰੰਤ ਕੀਰਤਨ ਹੋਇਆ। ਸਤਵਿੰਦਰ ਕੌਰ ਅਤੇ ਬਲਵੰਤ ਕੌਰ ਨੇ ਰਾਗ ਟੋਡੀਤਿੰਨ ਤਾਲ ਵਿਚ 'ਸਤਿਗੁਰ ਆਇਓ ਸਰਣਿ ਤੁਹਾਰੀ॥' ਸ਼ਬਦ ਗਾਇਨ ਕੀਤਾ। ਤਬਲੇ ਤੇ ਸੰਗਤ ਬਲਬੀਰ ਸਿੰਗ (ਬਿਟੂ) ਨੇ ਕੀਤੀ। ਉਪਰੰਤ ਛੋਟੇ ਬੱਚਿਆਂ- ਕਾਕਾ ਸਰਵਣ ਸਿੰਘ, ਸੰਤਾ ਸਿੰਘ, ਸਤਨਾਮ ਸਿੰਘ, ਰਤਨ ਸਿੰਗ, ਹਰਨਾਮ ਸਿੰਗ, ਹੁਰਾਂ ਨੇ ਰਾਗ ਆਸਾਵਰੀ ਵਿਚ 'ਤੁਮ ਹੋ ਸਬ ਰਾਜਨ ਕੇ ਰਾਜਾ॥' ਗਾਇਆ। ਕਾਕਾ ਪ੍ਰੀਤਮ ਸਿੰਘ ਨੇ 'ਗੁਰੂ ਮੇਰੇ ਸੰਗਿ ਸਦਾ ਹੈ ਨਾਲੇ" ਗਾਇਆ। ਉਪਰੰਤ ਸਰਮੁਖ ਸਿੰਘ ਨੇ ਸੰਗਤਾਂ ਨੂੰ ਮੁਖਾਤਿਬ ਹੁੰਦਿਆਂ ਸਤਿਗੁਰੂ ਦੀ ਮਹਿਮਾ ਨਾਮ-ਮਹਾਤਮ, ਗੁਰਮਤਿ ਜੀਵਨ ਜਾਚ ਬਾਰੇ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਦੱਸਿਆ। ਪ੍ਰਸ਼ਾਦਾ ਛਕ ਕੇ ਅਰਦਾਸ ਕਰਨ ਬਾਰੇ ਵੀ ਦੱਸਿਆ। ਸ੍ਰ: ਤਰਲੋਚਨ ਸਿੰਘ ਜੀ ਦੇ ਸਾਰੇ ਪ੍ਰਵਾਰ ਨੇ ਅੰਮ੍ਰਿਤ ਛੱਕਿਆ। ਬਜ਼ਾਰ ਦਾ ਇਹ ਪਹਿਲਾਂ ਹੀ ਨਹੀਂ ਖਾਂਦੇ। ਉਪਰੰਤ ਸੋਧ ਦਾ ਤਿਆਰ ਕੀਤਾ ਲੰਗਰ ਵਰਤਿਆ। ਸ੍ਰ: ਤਰਲੋਚਨ ਸਿੰਘ ਜੀ ਨੇ ਗੁਰਦੁਆਰਾ ਨਿਊਯਾਰਕ ਵਾਸਤੇ 200/-$ ਸਹਾਇਤਾ ਭੇਟ ਕੀਤੀ।

---

## ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ ਪਾਠਾਂ ਦੀ ਸੂਚਨਾਂ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿੱਚ 'ਸਵਾ ਲੱਖ' ਪਾਠਾਂ ਦੇ ਭੋਗ ਪਾਏ।

ਵੇਰਵਾ:-

**ਪਹਿਲੀ ਵਾਰ**-19 ਸਤੰਬਰ 1961 ਸ੍ਰੀ ਭੈਣੀ ਸਾਹਿਬ ਨੋਟ- ਇਹ ਪਾਠ ਉਹ ਸਨ ਜੋ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨੇ ਆਰੰਭ ਕੀਤੇ ਸੀ। ਸੱਚੇ ਪਾਤਸ਼ਾਹ ਜੀ ਦੇਹ ਦਾ ਓਹਲਾ ਕਰ ਗਏ 1959 ਵਿੱਚ, ਬਾਕੀ ਦੇ ਰਹਿੰਦੇ ਪਾਠ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਜਲਦੀ ਹੀ ਸਾਧ ਸੰਗਤ ਤੋਂ ਕਰਵਾਏ ਅਤੇ 1961 ਵਿੱਚ ਭੋਗ ਪਾਏ ਜੀ।

**ਦੂਸਰੀ ਵਾਰੀ**- ਸਤੰਬਰ 1974 ਵਿੱਚ ਸੰਤ ਨਗਰ ਜਿਲ੍ਹਾ ਸਿਰਸਾ ਵਿੱਚ ਭੋਗ ਪਾਏ ਜੋ ਕਿ 13 ਸਾਲ ਵਿੱਚ ਸਮਾਪਤ ਹੋਏ।

**ਤੀਸਰੀ ਵਾਰ**- ਸਤੰਬਰ 1997 ਵਿਚ ਸ੍ਰੀ ਭੈਣੀ ਸਾਹਿਬ ਭੋਗ ਪਾਏ, ਨਾਲ ਹੀ ਸ਼ੁਰੂ ਕੀਤੇ, ਇਹਨਾਂ ਪਾਠਾਂ ਨੂੰ 23 ਸਾਲ ਲੱਗੇ ਸਨ। ਇਹ ਪਾਠ ਕੁਝ ਸਮਾ ਪਹਿਲਾਂ ਸ੍ਰੀ ਭੈਣੀ ਸਾਹਿਬ ਕੀਤੇ ਪਿੰਡ, ਸ਼ਹਿਰ, ਘਰਾਂ ਵਿੱਚ ਕਰਵਾਏ ਗਏ ਸਨ। ਹਰ ਮਹੀਨੇ ਘਰ ਪ੍ਰਤੀ ਇੱਕ ਪਾਠ ਕਰਨ ਦਾ ਹੁਕਮ ਸੀ। ਜੋ ਕਿ ਸਾਧ ਸੰਗਤ ਨੇ ਕੀਤੇ ਅਤੇ ਖੁਸ਼ੀਆਂ ਲਈਆਂ।

**ਚੌਥੀ ਵਾਰੀ**- 27 ਮਾਰਚ 1997 ਨੂੰ ਆਰੰਭ ਕੀਤੇ, ਜੋ ਕਿ ਚੱਲ ਰਹੇ ਹਨ। ਇਹਨਾਂ ਪਾਠਾਂ ਨੂੰ ਚੱਲਿਆਂ ਵੀ ਤਕਰੀਬਨ 21 ਸਾਲ ਹੋ ਗਏ ਹਨ। ਪਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵੱਲੋਂ ਆਰੰਭੇ ਹੋਏ ਸਵਾ ਲੱਖ ਪਾਠਾਂ ਦਾ ਕਾਰਜ ਜੋ ਬਹੁਤ ਹੌਲੀ-ਹੌਲੀ ਹੋ ਰਿਹਾ ਸੀ ਤਾਂ ਹਾਜ਼ਰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਜੋ ਸਵਾ ਲੱਖ ਪਾਠ ਅਧੂਰੇ ਹਨ ਉਹਨਾਂ ਪਾਠਾਂ ਨੂੰ ਸ਼ਬਦ ਰੂਪ ਵਿਚ ਕਰਕੇ ਸਾਧ ਸੰਗਤ ਨੂੰ ਦਿੱਤੇ ਅਤੇ ਜਲਦੀ ਕਰਨ ਦਾ ਉਪਦੇਸ਼ ਦਿੱਤਾ। ਤੁਹਾਨੂੰ ਜਾਣ ਕੇ ਬੜੀ ਖੁਸ਼ੀ ਹੋਵੇਗੀ ਕਿ ਇਕ ਲੱਖ ਪੂਰੇ ਸਹਜ ਪਾਠ ਹੋ ਚੁੱਕੇ ਹਨ।

ਦਾਸ ਨੂੰ ਵੀ ਚਾਲ੍ਹੀ ਸਾਲ ਹੋ ਗਏ ਹਨ ਪਾਠਾਂ ਦੀ ਸੇਵਾ ਵਿਚ ਮੈਨੂੰ ਵੀ ਪਤਾ ਲੱਗ ਜਾਂਦਾ ਹੈ ਕਦੋਂ ਖੁਸ਼ੀਆਂ ਮਿਲਦੀਆਂ ਹਨ। ਹੁਣ ਗੱਲ ਆ ਗਈ ਹਾਜ਼ਰਾ ਹਜ਼ੂਰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀਆਂ ਖੁਸ਼ੀਆਂ ਲਈ-ਖੁਸ਼ੀਆਂ ਬਹੁਤ ਔਖੀਆਂ ਮਿਲਦਿਆਂ ਹਨ, ਮੌਕਾ ਹੈ ਸਾਧ ਸੰਗਤ ਜੀ। ਜਿਹਨਾ ਸਰੀਰਾਂ ਪਾਠ ਲਏ ਹਨ ਕਿਰਪਾ ਕਰਕੇ ਜਲਦੀ ਪੂਰੇ ਕਰੋ, ਖੁਸ਼ੀਆਂ ਲਵੋ, ਹਲਤ-ਪਲਤ ਸਵਰ ਜਾਵੇਗਾ।

ਇਹਨਾਂ ਪਾਠਾਂ ਬਾਰੇ ਸੰਗਤ ਪੁੱਛਦੀ ਹੈ ਕਦੋਂ ਭੋਗ ਪੈਣੇ ਹਨ। ਭੋਗ ਤਾਂ ਤੁਹਾਡੇ ਹੱਥ ਹਨ ਸਾਰੇ ਸ਼ਬਦ ਪੂਰੇ ਕਰੋ ਭੋਗ ਉਦੋਂ ਹੀ ਪੈ ਜਾਣਗੇ। ਸੱਚੇ ਪਾਤਸ਼ਾਹ ਜੀ ਹੁਕਮ ਕੀਤਾ ਸੀ ਹੋਲੇ ਤੇ ਭੋਗ ਪਾਵਾਂਗੇ। ਹੁਣ ਹੁਕਮ ਕੀਤਾ ਹੈ ਅੱਸੂ ਦੇ ਮੇਲੇ ਤੇ, ਸਾਡੇ ਵੱਲੋਂ ਭੋਗਾਂ ਦੀ ਕੋਈ ਦੇਰੀ ਨਹੀਂ ਹੈ, ਕਿਰਪਾ ਕਰੋ ਪਾਠ ਜਿਨ੍ਹਾਂ ਅਜੇ ਤੱਕ ਨਹੀਂ ਲਏ ਉਹ ਲੈ ਕੇ ਕਰੋ ਜੀ।

ਪਾਠ ਪੂਰੇ ਹੋਣ ਤੇ ਹੀ ਭੋਗ ਪਾਏ ਜਾਣਗੇ, ਸਲੋਕਾਂ ਨੂੰ ਪਿਛਲੀਂ ਵਾਰੀ 15 ਦਿਨਾਂ ਵਿਚ ਸਵਾ ਲੱਖ ਸ਼ਲੋਕ ਪੜ੍ਹੇ ਸਨ। ਮੇਰੀ ਵੀ ਵਾਰ-ਵਾਰ ਅਰਜ਼ ਹੈ ਕਿ ਪਾਠ ਜ਼ਰੂਰ ਕਰੋ, ਸਾਰੀ ਸੰਗਤ ਪਾਠ ਨਹੀਂ ਕਰਦੀ, ਜੇ ਸਾਰੀ ਸੰਗਤ ਪਾਠ ਕਰੇ ਤਾਂ ਮਹੀਨਾ ਵੀ ਨਹੀਂ ਲੱਗਦਾ। ਪਹਿਲਾਂ ਸਵਾ ਲੱਖ ਪਾਠਾਂ ਵਿਚ

4500 ਸਰੀਰਾਂ ਨੇ ਪਾਠ ਕੀਤੇ ਸਨ। ਹੁਣ ਸ਼ਬਦਾਂ ਨੂੰ 8-9 ਹਜ਼ਾਰ ਸਰੀਰਾਂ ਪਾਠ ਲਏ ਹਨ। 500 ਸ਼ਬਦ ਬਾਕੀ ਕਰਨ ਵਾਲੇ ਹਨ, ਸੰਗਤ ਨੂੰ ਅਰਜ਼ ਹੈ ਪਾਠ ਲਵੋਜੀ। ਬਾਹਰ ਦੀ ਰਿਪੋਰਟ ਸ਼ਾਮ ਸਿੰਘ ਰਾਗੀ ਨੂੰ ਪਤਾ ਹੈ। ਸ੍ਰੀ ਸਤਿਗੁਰੂ ਜੀ ਹੁਕਮ ਕੀਤਾ ਹੈ ਕਿ ਜਿਹੜੇ ਸਰੀਰਾਂ ਨੇ ਪਾਠ ਲਏ ਹਨ ਜੋ ਹੌਲੀ ਹੌਲੀ ਕਰ ਰਹੇ ਤਾਂ ਉਹ ਛੇਤੀ ਤੋਂ ਛੇਤੀ ਕਰਨ, ਜੋ ਭੋਗ ਅੱਸੂ ਦੇ ਮੇਲੇ ਤੇ ਪਾਇਆ ਜਾ ਸਕੇ।

ਕਈ ਸਰੀਰਾਂ ਨੂੰ ਵੀਹ ਸਾਲ ਹੋ ਚੁੱਕੇ ਹਨ ਹਰ ਮਹੀਨੇ ਦਾ ਇੱਕ ਪਾਠ ਕਰੀ ਜਾਂਦੇ ਹਨ ਉਹਨਾਂ ਤੇ ਬਹੁਤ ਹੀ ਕਿਰਪਾ ਹੈ। ਤਾਹੀ ਇੱਕ ਲੱਖ ਪਾਠ ਹੋ ਚੁੱਕੇ ਹਨ, ਹੋਰ ਉੱਦਮ ਕਰੋ ਤਾਂ ਕਿ ਜਲਦੀ ਭੋਗ ਪੈ ਸਕਣ। ਇੱਕ ਵੀ ਸ਼ਬਦ ਕਿਸੇ ਦਾ ਜੇ ਬਾਕੀ ਰਹਿ ਜਾਵੇ ਤਾਂ ਅਸੀ ਭੋਗ ਨਹੀਂ ਪਾ ਸਕਦੇ। ਪਾਠ ਪੂਰੇ ਕਰੋ ਜੀ।

ਸਾਧ ਸੰਗਤ ਜੀ ਹੁਕਮ ਮੰਨ ਕੇ ਖੁਸ਼ੀਆਂ ਲਵੋ ਜੀ।

**ਸਵਾ ਲੱਖ ਪਾਠ ਪ੍ਰਬੰਧਕ**
**ਗੁਰਦਿਆਲ ਸਿੰਘ ਰਾਏਸਰ,**
**ਸ੍ਰੀ ਭੈਣੀ ਸਾਹਿਬ,**
**ਮੋਬਾਇਲ-9417782611**

# ਪ੍ਰਤੀਕਿਰਿਆ

ੴ
ਪਾਤਸ਼ਾਹੀਂ 12ਵੀਂ
ਸੰਪਾਦਕ ਜੀ,
ਸਤਿ ਸ੍ਰੀ ਅਕਾਲ,

ਹੁਣ ਦੁਬਾਰਾ ਸਤਿਜੁਗ ਸ੍ਰੀ ਭੈਣੀ ਸਾਹਿਬ ਤੋਂ ਛਪਣਾ ਸ਼ੁਰੂ ਹੋ ਗਿਆ ਹੈ। ਇਹ ਚੰਗੀ ਗੱਲ ਹੈ। ਪਹਿਲਾਂ ਵੱਡੇ ਅਕਾਰ ਦਾ ਸੀ, ਹੁਣ ਕਿਤਾਬ ਨਾਲੋਂ ਥੋੜਾ ਵੱਡੇ ਸਾਈਜ਼ ਦਾ ਹੋਵੇਗਾ। ਇਹ ਵੀ ਠੀਕ ਹੈ ਅਤੇ ਹੁਣ ਸਾਂਭਣਾ ਸੌਖਾ ਹੋਵੇਗਾ। ਸਤਿਜੁਗ ਵਿੱਚ ਛਪਣ ਸਮੱਗਰੀ ਵੀ ਠੀਕ ਹੈ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀਆਂ ਚਿੱਠੀਆਂ ਜਾਂ ਹੁਕਮਨਾਮੇ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਹੱਥ ਲਿਖਤਾਂ ਵਿੱਚ ਬਹੁਤ ਗਿਆਨ ਹੁੰਦਾ ਹੈ ਅਤੇ ਉਹਨਾਂ ਦੀ ਲਿਖਾਈ ਬਾਰੇ ਵੀ ਪਤਾ ਲੱਗਦਾ ਹੈ।

ਸਤਿਜੁਗ ਪੜ੍ਹਨ ਤੋਂ ਪਤਾ ਲੱਗਦਾ ਹੈ ਕਿ ਦਸਵੇਂ ਪਾਤਸ਼ਾਹ ਤੋਂ ਬਾਅਦ ਨਾਮਧਾਰੀਆਂ, ਮਹਾਂਪੁਰਸ਼ਾਂ ਨੇ ਆਜ਼ਾਦੀ ਵਾਸਤੇ ਐਨੀਆਂ ਵੱਡੀਆਂ ਕੁਰਬਾਨੀਆਂ ਦਿੱਤੀਆਂ ਹਨ, ਪਰ ਸਾਡੇ ਇਤਿਹਾਸਕਾਰਾਂ ਨੇ ਸਿਰਫ਼ "ਦੇਹਧਾਰੀ ਸਤਿਗੁਰ" ਦਾ ਐਸਾ ਮੁੱਦਾ ਬਣਾਇਆ ਕਿ ਅੱਜ "ਦੇਹਧਾਰੀ" ਸ਼ਬਦ ਦੀ ਸਭ ਤੋਂ ਵੱਧ ਬਦਨਾਮੀਂ ਕੀਤੀ ਜਾਂਦੀ ਹੈ। ਇਹਨਾਂ ਦੇ ਅੰਦਰਲੇ ਸਾੜੇ ਦੀ ਭਾਵਨਾ ਵੀ ਸਾਹਮਣੇ ਆਉਂਦੀ ਹੈ ਕਿ ਨਾਮਧਾਰੀ ਸਤਿਗੁਰਾਂ ਨੇ "ਮਾਲਾ" ਫੇਰਨ ਜਾਂ ਨਾਮ ਸਿਮਰਨ ਕਰਨ ਦੀ ਕਿਰਪਾ ਨਾਲ ਭਾਰਤ ਦੀ ਆਜ਼ਾਦੀ ਵਿੱਚ ਸਭ ਤੋਂ ਵੱਡਾ ਯੋਗਦਾਨ ਪਾਇਆ ਹੈ।

ਮੈਂ ਸਤਿਜੁਗ ਵਾਸਤੇ ਉਹ ਯਾਦਾਂ ਤਾਜ਼ਾਂ ਕਰਾਂਗਾ ਕਿ ਕਿਵੇਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਜੀ ਨੇ ਮੈਨੂੰ ਸੁਪਨੇ ਵਿੱਚ ਦਰਸ਼ਨ ਦੇ ਕੇ ਜਣਾਇਆ ਕਿ ਸਤਿਗੁਰੂ ਦਾ ਸਰੀਰ ਸ਼ਬਦ ਦੀ ਦੇਹ ਹੁੰਦੀ ਹੈ ।

ਅਖੀਰ ਵਿੱਚ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਚਰਨਾਂ ਵਿੱਚ ਬੇਨਤੀ ਹੈ ਸਤਿਜੁਗ ਛਪਦਾ ਰਹੇ ਅਤੇ ਰੌਸ਼ਨੀ ਵੰਡਦਾ ਰਹੇ। ਆਮੀਨ !!

**ਤੁਹਾਡਾ-**
**ਨਿਸ਼ਾਨ ਸਿੰਘ ਜੌਹਲ**
**01-09-2018**

# ਪ੍ਰਤੀਕਿਰਿਆ

ਮਾਣਯੋਗ ਭਾਈ ਸਾਹਬ,

ਮੈਂ ਧੰਨਵਾਦੀ ਹਾਂ ਕਿ "ਸਤਿਜੁਗ" ਰਸਾਲਾ ਤੁਸੀਂ ਮੈਨੂੰ ਭੇਜਦੇ ਹੋ। ਪਹਿਲਾਂ ਸਤਿਜੁਗ ਅਖ਼ਬਾਰ ਰੂਪ 'ਚ ਆਉਂਦਾ ਸੀ, ਜੋ ਕਿ ਸੰਭਾਲਣਾ ਔਖਾ ਹੁੰਦਾ ਸੀ। ਇਸ ਵਿਚਲਾ ਮੈਟਰ ਸੰਭਾਲਣਯੋਗ ਹੀ ਹੁੰਦਾ ਹੈ।

ਮੈਂ ਇਸਦੇ ਐਡੀਟੋਰੀਅਲ ਬੋਰਡ ਦਾ ਇਸ ਗੱਲੋਂ ਧੰਨਵਾਦ ਕਰਦੀ ਹਾਂ ਕਿ ਉਹਨਾਂ ਨੇ ਅਖਬਾਰ ਦੀ ਥਾਂ ਸਤਿਜੁਗ ਰਸਾਲਾ ਕੱਢਣਾ ਸ਼ੁਰੂ ਕਰ ਦਿੱਤਾ ਹੈ।

**ਹਿਤੂ**
**ਦਲੀਪ ਕੌਰ ਟਿਵਾਣਾ**
**21-8-2018**



ਨਾਮ ਸਿਮਰਨ ਜਪ ਪ੍ਰਯੋਗ ਸ਼ਹੀਦੀ ਸਮਾਰਕ ਲੁਧਿਆਣਾ।




ਸ੍ਰੀ ਭੈਣੀ ਸਾਹਿਬ ਦੇ ਨੌਜੁਆਨ ਅੱਸੂ ਦੇ ਮੇਲੇ ਦੀ ਆਰੰਭਤਾ ਤੋਂ ਪਹਿਲਾਂ ਸਾਫ਼-ਸਫ਼ਾਈ ਦੀ ਸੇਵਾ ਕਰਦੇ ਹੋਏ।



ਸ੍ਰੀ ਭੈਣੀ ਸਾਹਿਬ ਛੋਟੇ ਬੱਚੇ ਜਪ ਪ੍ਰਯੋਗ ਲਈ ਜਾਂਦੇ ਹੋਏ।





ਜਪ ਪ੍ਰਯੋਗ ਵਿੱਚ 7-8 ਸਾਲ ਦੇ ਬੱਚੇ ਅਤੇ 107 ਸਾਲ ਦੇ ਬਜ਼ੁਰਗ।

Date of Publication: 19-09-2018,
Date of Posting: 20-21 Sep. 2018

RNI NO. 55658/93 Delhi Postal Regd. No. DL(W) 01/2055/18-20



ਨਾਮ ਸਿਮਰਨ ਜਪ ਪ੍ਰਯੋਗ ਰਮੇਸ਼ ਨਗਰ ਦਿੱਲੀ।




ਨਾਮ ਸਿਮਰਨ ਜਪ ਪ੍ਰਯੋਗ ਸਾਹਿਬਪੁਰਾ, ਦਿੱਲੀ।



ਨਾਮ ਸਿਮਰਨ ਜਪ ਪ੍ਰਯੋਗ ਵਿਸ਼ਨੂੰ ਗਾਰਡਨ, ਦਿੱਲੀ।

Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi-110015.